# NANKANA SAHIB PUBLIC SCHOOL, GILL PARK LUDHIANA

**Class:** III **Term:** II **Subject:** PUNJABI **Teacher Name:** Ms. SWARANJEET KAUR

| Name of the Month | Lesson/Poem/Grammar/ Writing task | Pedagogical process | Activities done | Learning outcome |
|---|---|---|---|---|
| October | ਪਾਠ11. ਗਾਂਧੀ ਜੀ ਦਾ ਬਚਪਨ | ਵਿਦਿਆਰਥੀਆਂ ਨੂੰ ਵਿਆਖਿਆਤਮਕ ਵਿਧੀ ਰਾਹੀਂ ਦੇਸ਼ ਦੀ ਮਹਾਨ ਸ਼ਖ਼ਸੀਅਤ ਮਹਾਤਮਾ ਗਾਂਧੀ ਜੀ ਦੇ ਬਚਪਨ ਬਾਰੇ ਜਾਣਕਾਰੀ ਦਿੱਤੀ ਜਾਵੇਗੀ। | ਕੋਈ ਪੰਜ ਚੰਗੀਆਂ ਗੱਲਾਂ ਲਿਖਣ ਲਈ ਕਿਹਾ ਜਾਵੇਗਾ। | ਵਿਦਿਆਰਥੀ ਮਹਾਤਮਾ ਗਾਂਧੀ ਜੀ ਦੇ ਜੀਵਨ ਤੋਂ ਸਿੱਖਿਆ ਲੈ ਕੇ ਚੰਗੇ ਗੁਣ ਅਤੇ ਅਸੂਲਾਂ ਨੂੰ ਗ੍ਰਹਿਣ ਕਰਨਗੇ। |
| | ਪਾਠ12. ਦਾਦੀ ਮਾਂ ਦੀਆਂ ਬਾਤਾਂ | ਵਿਦਿਆਰਥੀਆਂ ਨੂੰ ਸੰਸਲੇਸ਼ਣ ਵਿਧੀ ਰਾਹੀਂ ਪਾਣੀ ਦੀ ਸੰਭਾਲ ਕਰਨ ਸੰਬੰਧੀ ਪ੍ਰੇਰਿਤ ਕੀਤਾ ਜਾਵੇਗਾ। | ਵਿਦਿਆਰਥੀਆਂ ਨੂੰ ਪਾਣੀ ਦੀ ਵਰਤੋਂ 'ਤੇ ਪੰਜ ਸਤਰਾਂ ਲਿਖਣ ਲਈ ਦਿੱਤੀਆਂ ਜਾਣਗੀਆਂ। | ਵਿਦਿਆਰਥੀ ਪਾਣੀ ਦੀ ਸੰਭਾਲ ਨੂੰ ਸਮਝਦੇ ਹੋਏ ਚੰਗੀਆਂ ਆਦਤਾਂ ਗ੍ਰਹਿਣ ਕਰਨਗੇ। |
| | ਪਾਠ13. ਮਹਾਰਾਜਾ ਰਣਜੀਤ ਸਿੰਘ | ਵਿਦਿਆਰਥੀਆਂ ਨੂੰ ਵਾਰਤਾਲਾਪ ਵਿਧੀ ਰਾਹੀਂ 'ਸ਼ੇਰ-ਏ-ਪੰਜਾਬ' ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਅਤੇ ਰਾਜ ਬਾਰੇ ਜਾਣਕਾਰੀ ਦਿੱਤੀ ਜਾਵੇਗੀ। | ਵਿਦਿਆਰਥੀ ਨੂੰ ਮਹਾਰਾਜਾ ਰਣਜੀਤ ਸਿੰਘ ਜੀ ਦੀ ਤਸਵੀਰ ਲਗਵਾਈ ਜਾਵੇਗੀ। | ਵਿਦਿਆਰਥੀ ਮਿਹਨਤ ਅਤੇ ਇਮਾਨਦਾਰੀ ਦੀ ਸਿੱਖਿਆ ਗ੍ਰਹਿਣ ਕਰਨਗੇ। |
| | ਵਿਆਕਰਨ : ਲਿੰਗ ਬਦਲੋ, ਵਚਨ ਬਦਲੋ ਅਤੇ ਲੇਖ | ਵਿਦਿਆਰਥੀਆਂ ਨੂੰ ਆਗਮਨ ਵਿਧੀ ਰਾਹੀਂ ਵਿਆਕਰਨ ਦੇ ਨਿਯਮਾਂ ਸੰਬੰਧੀ ਜਾਣਕਾਰੀ ਦਿੱਤੀ ਜਾਵੇਗੀ ਅਤੇ ਅਭਿਆਸ ਕਰਵਾਇਆ ਜਾਵੇਗਾ ਤਾਂ ਜੋ ਵਿਦਿਆਰਥੀਆਂ ਦੀ ਭਾਸ਼ਾਈ ਸਮਰੱਥਾ ਵਿੱਚ ਵਾਧਾ ਹੋਵੇ। | ਵਿਦਿਆਰਥੀਆਂ ਨੂੰ ਵਚਨ ਬਦਲੋ ਜਮਾਤ ਵਿੱਚ ਪਈਆ ਵਸਤੂਆਂ ਦੀ ਵਰਤੋਂ ਦੁਆਰਾ ਗਤੀਵਿਧੀ ਕਰਵਾਈ ਜਾਵੇਗੀ। | ਵਿਦਿਆਰਥੀ ਵਿਆਕਰਨ ਦੇ ਨਿਯਮਾਂ ਤੋਂ ਜਾਣੂ ਹੋਣਗੇ ਅਤੇ ਵਿਆਕਰਨਿਕ ਭੇਦਾਂ ਨੂੰ ਪਛਾਨਣ ਯੋਗ ਹੋ ਜਾਣਗੇ। |
| November | ਪਾਠ14. ਬਾਲਕ ਬੀਬੇ ਰਾਣੇ | ਵਿਦਿਆਰਥੀਆਂ ਨੂੰ ਲੈਅਬੱਧ ਵਿਧੀ ਰਾਹੀਂ ਕਵਿਤਾ ਦੁਆਰਾ ਸਹੀ ਰਾਹ ਤੇ ਚੱਲਣ ਅਤੇ ਚੰਗੀਆਂ ਆਦਤਾਂ ਅਪਨਾਉਣ ਲਈ ਕਿਹਾ ਜਾਵੇਗਾ ਅਤੇ ਚੰਗੀਆਂ ਆਦਤਾਂ ਦੇ ਮਹੱਤਵ ਨੂੰ ਦੱਸਿਆ ਜਾਵੇਗਾ। | ਵਿਦਿਆਰਥੀਆਂ ਨੂੰ ਕਵਿਤਾ ਯਾਦ ਕਰਕੇ ਜਮਾਤ ਵਿੱਚ ਸੁਣਾਉਣ ਲਈ ਕਿਹਾ ਜਾਵੇਗਾ। | ਵਿਦਿਆਰਥੀ ਚੰਗੀਆਂ ਆਦਤਾਂ ਗ੍ਰਹਿਣ ਕਰਨਗੇ। |
| | ਪਾਠ15. ਮੱਕੜੀ ਦੀ ਹਿੰਮਤ | ਵਿਦਿਆਰਥੀਆਂ ਨੂੰ ਕਹਾਣੀ ਵਿਧੀ ਰਾਹੀਂ ਦੱਸਿਆ ਜਾਵੇਗਾ ਮਿਹਨਤ ਹੀ ਸਫ਼ਲਤਾ ਦੀ ਕੁੰਜੀ ਹੈ। | ਵਿਦਿਆਰਥੀਆਂ ਨੂੰ ਮਿਹਨਤ ਬਾਰੇ ਹੋਰ ਕਹਾਣੀ ਸੁਣਾਉਣ ਲਈ ਕਿਹਾ ਜਾਵੇਗਾ। | ਵਿਦਿਆਰਥੀ ਜੀਵਨ ਵਿੱਚ ਮਿਹਨਤ ਦੇ ਮਹੱਤਵ ਨੂੰ ਸਮਝਣਗੇ। ਮਿਹਨਤ ਕਰਨ ਲਈ ਪ੍ਰੇਰਿਤ ਹੋਣਗੇ। |
| | ਪਾਠ16. ਡਾਕਖ਼ਾਨੇ ਦੀ ਸੁਣੋ | ਵਿਦਿਆਰਥੀਆਂ ਨੂੰ ਵਿਆਖਿਆਤਮਕ ਵਿਧੀ ਰਾਹੀਂ ਡਾਕਖ਼ਾਨੇ ਦੇ ਮਹੱਤਵ ਅਤੇ ਵਰਤੋਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। | ਵਿਦਿਆਰਥੀ ਲੈਟਰ ਬਾਕਸ ਦਾ ਚਿੱਤਰ ਬਣਾ ਕੇ ਰੰਗ ਭਰਨਗੇ। | ਵਿਦਿਆਰਥੀ ਵਿਗਿਆਨਕ ਤਰੱਕੀ ਤੋਂ ਜਾਣੂ ਹੋਣਗੇ। |
| | ਵਿਆਕਰਨ : ਵਿਰੋਧੀ ਸ਼ਬਦ, ਸ਼ਬਦ ਜੋੜ, ਅਰਜ਼ੀ। | ਵਿਦਿਆਰਥੀਆਂ ਨੂੰ ਆਗਮਨ ਵਿਧੀ ਰਾਹੀਂ ਵਿਆਕਰਨ ਦੇ ਨਿਯਮਾਂ ਦੀ ਜਾਣਕਾਰੀ ਦਿੱਤੀ ਜਾਵੇਗੀ। | ਵਿਦਿਆਰਥੀਆਂ ਨੂੰ ਵਿਰੋਧੀ ਸ਼ਬਦ ਉੱਤੇ ਤਸਵੀਰਾਂ ਸਹਿਤ ਚਾਰਟ ਬਣਵਾਇਆ ਜਾਵੇਗਾ। | ਵਿਦਿਆਰਥੀ ਸ਼ੁੱਧ ਭਾਸ਼ਾ ਲਿਖਣ ਦੇ ਯੋਗ ਹੋਣਗੇ ਅਤੇ ਸ਼ਬਦ ਭੰਡਾਰ ਵਿੱਚ ਵਾਧਾ ਹੋਵੇਗਾ। |

| | | | | |
|---|---|---|---|---|
| | ਹਫ਼ਤਾਵਾਰੀ ਪ੍ਰੀਖਿਆ 3 : (ਪਾਠ 11,13,14) , ਲਿੰਗ ਬਦਲੋ, ਵਚਨ ਬਦਲੋ। | ਵਿਦਿਆਰਥੀਆਂ ਨੂੰ ਹਫ਼ਤਾਵਾਰੀ ਪ੍ਰੀਖਿਆ ਦੀ ਤਿਆਰੀ ਕਰਵਾਈ ਜਾਵੇਗੀ। | | ਵਿਦਿਆਰਥੀ ਹਫ਼ਤਾਵਾਰੀ ਪ੍ਰੀਖਿਆ ਦੇਣ ਦੇ ਯੋਗ ਹੋਣਗੇ। |
| December | ਪਾਠ 17. ਭੇਤ ਦੀ ਗੱਲ<br><br>ਪਾਠ 18. ਬਸੰਤ<br><br>ਪਾਠ 19. ਆਓ ਗੀਟੇ ਖੇਡੀਏ<br><br>ਵਿਆਕਰਨ: ਗਿਣਤੀ , ਲੇਖ<br><br>ਹਫ਼ਤਾਵਾਰੀ ਪ੍ਰੀਖਿਆ 4 :(ਪਾਠ 15,16,19) ਅਭਿਆਸ ਸਹਿਤ, ਵਿਰੋਧੀ ਸ਼ਬਦ, ਸ਼ਬਦ ਜੋੜ, ਗਿਣਤੀ (31-40) | ਵਿਦਿਆਰਥੀਆਂ ਨੂੰ ਕਹਾਣੀ ਵਿਧੀ ਰਾਹੀਂ ਆਜ਼ਾਦੀ ਦੇ ਮਹੱਤਵ ਅਤੇ ਹੋਰ ਜੀਵਾਂ ਨੂੰ ਆਜ਼ਾਦੀ ਨਾਲ ਜੀਉਣ ਦੇ ਹੱਕ ਬਾਰੇ ਜਾਣਕਾਰੀ ਦਿੱਤੀ ਜਾਵੇਗੀ।<br><br>ਵਿਦਿਆਰਥੀਆਂ ਨੂੰ ਲੈਅਬੱਧ ਵਿਧੀ ਰਾਹੀਂ ਕਵਿਤਾ ਬਸੰਤ ਰੁੱਤ ਬਾਰੇ ਅਤੇ ਹੋਰ ਰੁੱਤਾਂ ਦੀ ਜਾਣਕਾਰੀ ਦਿੱਤੀ ਜਾਵੇਗੀ।<br><br>ਵਿਦਿਆਰਥੀਆਂ ਨੂੰ ਵਿਚਾਰ ਵਟਾਂਦਰੇ ਵਿਧੀ ਰਾਹੀਂ ਪੁਰਾਣੇ ਸਮੇਂ ਦੀਆਂ ਖੇਡਾਂ ਦੀ ਜਾਣਕਾਰੀ ਦਿੱਤੀ ਜਾਵੇਗੀ ਅਤੇ ਖੇਡਾਂ ਦੇ ਮਹੱਤਵ ਨੂੰ ਦੱਸਿਆ ਜਾਵੇਗਾ।<br><br>ਵਿਦਿਆਰਥੀਆਂ ਨੂੰ ਆਗਮਨ ਵਿਧੀ ਰਾਹੀਂ ਪ੍ਰਭਾਵਸ਼ਾਲੀ ਢੰਗ ਨਾਲ ਵਿਸ਼ੇ ਬਾਰੇ ਵਿਸਥਾਰ ਨਾਲ ਲਿਖਣ ਦੀ ਜਾਣਕਾਰੀ ਦਿੱਤੀ ਜਾਵੇਗੀ। ਵਿਦਿਆਰਥੀਆਂ ਨੂੰ ਗਿਣਤੀ ਨੂੰ ਸ਼ਬਦਾਂ ਵਿਚ ਲਿਖਣਾ ਸਿਖਾਇਆ ਜਾਵੇਗਾ।<br><br>ਵਿਦਿਆਰਥੀਆਂ ਨੂੰ ਹਫ਼ਤਾਵਾਰੀ ਪ੍ਰੀਖਿਆ ਦੀ ਤਿਆਰੀ ਕਰਵਾਈ ਜਾਵੇਗੀ | ਵਿਦਿਆਰਥੀਆਂ ਨਾਲ 'ਅਜ਼ਾਦੀ ਕਿਉਂ ਜ਼ਰੂਰੀ ਹੈ?' ਵਿਸ਼ੇ ਤੇ ਚਰਚਾ ਕੀਤੀ ਜਾਵੇਗੀ।<br><br>ਵਿਦਿਆਰਥੀਆਂ ਨੂੰ ਰੁੱਤਾਂ ਦੀਆਂ ਤਸਵੀਰਾਂ ਲਗਾ ਕੇ ਜਾਣਕਾਰੀ ਸਹਿਤ ਚਾਰਟ ਬਣਵਾਇਆ ਜਾਵੇਗਾ।<br><br>ਵਿਦਿਆਰਥੀਆਂ ਨੂੰ ਪੁਰਾਣੇ ਸਮੇਂ ਦੀਆਂ ਖੇਡਾਂ ਅਤੇ ਆਧੁਨਿਕ ਖੇਡਾਂ ਦੇ ਨਾਮ ਲਿਖਣ ਲਈ ਕਿਹਾ ਜਾਵੇਗਾ।<br><br>ਵਿਦਿਆਰਥੀਆਂ ਤੋਂ ਗਿਣਤੀ ਨੂੰ ਸ਼ਬਦਾਂ ਵਿਚ ਚਾਰਟ ਤੇ ਲਿਖਣ ਲਈ ਕਿਹਾ ਜਾਵੇਗਾ। | ਵਿਦਿਆਰਥੀ ਸਭ ਜੀਵਾਂ ਦੇ ਆਜ਼ਾਦੀ ਨਾਲ ਜੀਉਣ ਦੇ ਮਹੱਤਵ ਤੋਂ ਜਾਣੂ ਹੋਣਗੇ।<br><br>ਵਿਦਿਆਰਥੀ ਰੁੱਤਾਂ ਪ੍ਰਤੀ ਜਾਗਰੂਕ ਹੋਣਗੇ। ਬਸੰਤ ਰੁੱਤ ਦੇ ਮਹੱਤਵ ਨੂੰ ਜਾਨਣਗੇ।<br><br>ਵਿਦਿਆਰਥੀ ਖੇਡਾਂ ਦੇ ਵਿੱਚ ਦਿਲਚਸਪੀ ਲੈਂਦੇ ਹਨ ਅਤੇ ਅਲੋਪ ਹੋ ਚੁੱਕੀਆਂ ਖੇਡਾਂ ਬਾਰੇ ਜਾਣਕਾਰੀ ਪ੍ਰਾਪਤ ਕਰਨਗੇ।<br><br>ਵਿਦਿਆਰਥੀ ਆਪਣੇ ਵਿਚਾਰ ਪ੍ਰਗਟ ਕਰਨ ਦੇ ਯੋਗ ਹੋਣਗੇ ਅਤੇ ਉਨ੍ਹਾਂ ਦੇ ਸ਼ਬਦ ਭੰਡਾਰ ਵਿੱਚ ਵਾਧਾ ਹੋਵੇਗਾ।<br><br>ਵਿਦਿਆਰਥੀ ਹਫ਼ਤਾਵਾਰੀ ਪ੍ਰੀਖਿਆ ਦੇਣ ਦੇ ਯੋਗ ਹੋਣਗੇ। |

| | | | | |
|---|---|---|---|---|
| January | ਪਾਠ 20. ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ<br><br>ਪਾਠ 21. ਰੰਗਾਂ ਦੀ ਖੇਡ ਹੋਲੀ<br><br>ਵਿਆਕਰਨ: ਅਰਜ਼ੀ | ਵਿਦਿਆਰਥੀਆਂ ਨੂੰ ਵਿਆਖਿਆਤਮਕ ਵਿਧੀ ਰਾਹੀਂ ਸਿੱਖਾਂ ਦੇ ਮਹਾਨ ਸਥਾਨ ਦੇ ਇਤਿਹਾਸਕ ਮਹੱਤਵ ਦੀ ਜਾਣਕਾਰੀ ਦਿੱਤੀ ਜਾਵੇਗੀ।<br><br>ਵਿਦਿਆਰਥੀਆਂ ਨੂੰ ਰੰਗਾਂ ਦੇ ਤਿਓਹਾਰ ਸੰਬੰਧੀ ਜਾਣਕਾਰੀ ਦਿੱਤੀ ਜਾਵੇਗੀ। ਕਵਿਤਾ ਨੂੰ ਲੈਅਬੱਧ ਤਰੀਕੇ ਨਾਲ ਪੜ੍ਹਾਇਆ ਜਾਵੇਗਾ।<br><br>ਵਿਦਿਆਰਥੀਆਂ ਨੂੰ ਨਿਗਮਨ ਵਿਧੀ ਰਾਹੀਂ ਬਿਨੈ-ਪੱਤਰ ਨੂੰ ਲਿਖਣ ਦੇ ਨਿਯਮਾਂ ਦੀ ਜਾਣਕਾਰੀ ਦਿੱਤੀ ਜਾਵੇਗੀ। | ਵਿਦਿਆਰਥੀਆਂ ਤੋਂ ਸਿੱਖਾਂ ਦੇ ਪੰਜਾਂ ਤਖਤਾਂ ਬਾਰੇ ਸੁਣਿਆ ਜਾਵੇਗਾ।<br><br>ਵਿਦਿਆਰਥੀਆਂ ਨੂੰ ਰੰਗਾਂ ਦੇ ਨਾਮ ਲਿਖਣ ਲਈ ਕਿਹਾ ਜਾਵੇਗਾ।<br>ਵਿਦਿਆਰਥੀਆਂ ਨੂੰ ਬਿਨੈ-ਪੱਤਰ ਖ਼ਾਲੀ ਥਾਵਾਂ ਵਿੱਚ ਦੇ ਕੇ ਖ਼ਾਲੀ ਥਾਵਾਂ ਭਰਨ ਲਈ ਕਿਹਾ ਜਾਵੇਗਾ। | ਵਿਦਿਆਰਥੀ ਸਿੱਖਾਂ ਦੇ ਗੌਰਵਮਈ ਇਤਿਹਾਸ ਤੋਂ ਜਾਣੂ ਹੋਣਗੇ।<br><br>ਵਿਦਿਆਰਥੀ ਤਿਉਹਾਰਾਂ ਦੇ ਮਹੱਤਵ ਪ੍ਰਤੀ ਜਾਗਰੂਕ ਹੋਣਗੇ।<br><br>ਵਿਦਿਆਰਥੀ ਕਿਸੇ ਵੀ ਵਿਸ਼ੇ ਤੇ ਪੱਤਰ ਲਿਖਣ ਦੇ ਯੋਗ ਹੋਣਗੇ। |

| | | | | |
|---|---|---|---|---|
| February | ਦੁਹਰਾਈ | ਵਿਦਿਆਰਥੀਆਂ ਨੂੰ ਸਾਲਾਨਾਂ ਪ੍ਰੀਖਿਆ ਦੀ ਤਿਆਰੀ ਕਰਵਾਈ ਜਾਵੇਗੀ। | | ਵਿਦਿਆਰਥੀ ਪ੍ਰੀਖਿਆ ਦੇਣ ਦੇ ਯੋਗ ਹੋਣਗੇ। |
| March | ਸਾਲਾਨਾਂ ਪ੍ਰੀਖਿਆ | ਵਿਦਿਆਰਥੀਆਂ ਦਾ ਮੁਲਾਂਕਣ ਕੀਤਾ ਜਾਵੇਗਾ। | | ਵਿਦਿਆਰਥੀ ਸਵੈ-ਵਿਸਵਾਸ਼ ਨਾਲ ਪ੍ਰੀਖਿਆ ਦੇਣ ਦੇ ਯੋਗ ਹੋਣਗੇ। |

# NANKANA SAHIB PUBLIC SCHOOL, GILL PARK LUDHIANA

**Class:- 4th** **Term: II** **Subject- Punjabi** **Teacher Name:- Ms. KHUSHPREET KAUR**

| Name of the Month | Lesson/Poem/Grammar/ Writing task | Pedagogical process | Activities done | Learning outcome |
|---|---|---|---|---|
| ਅਕਤੂਬਰ | 11 ਮੇਰੇ ਨਿਸ਼ਾਨੇ (ਕਵਿਤਾ) | ਵਿਦਿਆਰਥੀਆਂ ਅੰਦਰ ਦੇਸ਼ ਭਗਤੀ ਦੀ ਭਾਵਨਾ ਪੈਦਾ ਕੀਤੀ ਜਾਵੇਗੀ। ਅਤੇ ਜਾਤ-ਪਾਤ ਦੀ ਖਤਮ ਕਰਨ ਲਈ ਪ੍ਰੇਰਿਆ ਜਾਵੇਗਾ। | ਬੱਚੇ ਕਵਿਤਾ ਯਾਦ ਕਰਕੇ ਜਮਾਤ ਵਿੱਚ ਸੁਣਾਉਣਗੇ। | ਕਵਿਤਾ ਨੂੰ ਪੜ੍ਹ ਕੇ ਵਿਦਿਆਰਥੀਆਂ ਅੰਦਰ ਦੇਸ਼ ਭਗਤੀ ਦੀ ਭਾਵਨਾ ਅਤੇ ਜਾਤੀ ਭੇਦਭਾਵ ਬਾਰੇ ਜਾਣਕਾਰੀ ਪ੍ਰਾਪਤ ਹੋਵੇਗੀ। |
| | 12 ਸਾਡੇ ਰੁੱਖ (ਲੇਖ) | ਤੁਲਨਾਤਮਕ ਵਿਧੀ ਦੀ ਵਰਤੋਂ ਕਰਦੇ ਹੋਏ ਵਿਦਿਆਰਥੀਆਂ ਨੂੰ ਵੱਖ-ਵੱਖ ਰੁੱਖਾਂ ਦੇ ਬਾਰੇ ਵਿੱਚ ਜਾਣਕਾਰੀ ਦਿੱਤੀ ਅਤੇ ਉਹਨਾਂ ਦੇ ਗੁਣਾਂ ਤੋਂ ਜਾਣੂ ਕਰਵਾਇਆ ਜਾਵੇਗਾ। | ਵਿਦਿਆਰਥੀ ਪੰਜ ਰੁੱਖਾਂ ਦੇ ਨਾਮ ਕਾਪੀ ਤੇ ਲਿਖਣਗੇ। | ਵਿਦਿਆਰਥੀਆਂ ਨੇ ਰੁੱਖਾਂ ਤੋਂ ਪ੍ਰਾਪਤ ਹੁੰਦੀਆਂ ਵਸਤਾਂ ਦੇ ਬਾਰੇ ਵਿੱਚ ਜਾਣਕਾਰੀ ਪ੍ਰਾਪਤ ਕੀਤੀ ਅਤੇ ਰੁੱਖਾਂ ਦੀ ਸਾਂਭ ਸੰਭਾਲ ਬਾਰੇ ਜਾਣਕਾਰੀ ਪ੍ਰਾਪਤ ਕਰਨਗੇ। |
| | 13 ਮੱਘੂ ਮਗਰਮੱਛ ਤੇ ਪੰਛੀ (ਕਹਾਣੀ) | ਵਿਦਿਆਰਥੀਆਂ ਨੂੰ ਇਹ ਦੱਸਿਆ ਜਾਵੇਗਾ ਕਿ ਸਾਨੂੰ ਸਰੀਰ ਅਤੇ ਦੰਦਾਂ ਦੀ ਸੰਭਾਲ ਕਿਵੇਂ? ਕਦੋਂ ?ਕਿਸ ਨਾਲ? ਅਤੇ ਕਿੰਨੀ ਵਾਰ ਕਰਨੀ ਚਾਹੀਦੀ ਹੈ?ਪ੍ਰਸ਼ਨਾਤਮਕ ਵਿਧੀ ਰਾਹੀਂ ਪਾਠ ਕਰਵਾਇਆ ਜਾਵੇਗਾ। | ਵਿਦਿਆਰਥੀ ਦੰਦਾਂ ਦੀ ਸਾਂਭ ਸੰਭਾਲ ਦੇ ਪੰਜ ਤਰੀਕੇ ਦੱਸਣਗੇ। | ਵਿਦਿਆਰਥੀਆਂ ਨੇ ਸਿਹਤ ਦੀ ਸੰਭਾਲ ਕਰਨ ਦੇ ਲਾਭਾਂ ਅਤੇ ਨਾ ਕਰਨ ਦੇ ਨੁਕਸਾਨਾਂ ਬਾਰੇ ਜਾਣਕਾਰੀ ਹਾਸਲ ਕਰਨਗੇ। |
| | ਵਿਆਕਰਨ (ਲਿੰਗ ਬਦਲੋ, ਵਚਨ ਬਦਲੋ, ਵਿਰੋਧੀ ਸ਼ਬਦ, ਸ਼ਬਦ ਜੋੜ, ਮੁਹਾਵਰੇ,ਅੱਖਰ-ਬੋਧ) | ਵਿਦਿਆਰਥੀਆਂ ਨੂੰ ਪੰਜਾਬੀ ਦੇ ਪ੍ਰਮਾਣਿਕ ਰੂਪ ਤੋਂ ਜਾਣੂ ਕਰਵਾਉਣ ਅਤੇ ਉਸ ਦੀ ਠੀਕ ਵਰਤੋਂ ਦੇ ਸਮਰੱਥ ਬਣਾਉਣ ਲਈ ਵਿਆਕਰਨ ਦਾ ਗਿਆਨ ਅਤੇ ਰਚਨਾ ਦੇ ਵੱਖ ਵੱਖ ਰੂਪਾਂ ਦਾ ਅਭਿਆਸ ਕਰਵਾਇਆ ਜਾਵੇਗਾ। | ਵਿਦਿਆਰਥੀ ਵਿਰੋਧੀ ਸ਼ਬਦਾਂ ਦਾ ਚਾਰਟ ਚਿੱਤਰ ਸਹਿਤ ਬਣਾਉਣਗੇ। | ਵਿਦਿਆਰਥੀਆਂ ਨੇ ਪੰਜਾਬੀ ਭਾਸ਼ਾ ਦੇ ਵਿਆਕਰਨਿਕ ਨਿਯਮਾਂ ਦੀ ਜਾਣਕਾਰੀ ਪ੍ਰਾਪਤ ਕਰਨਗੇ ਅਤੇ ਨਵੇਂ ਸ਼ਬਦਾਂ ਤੋਂ ਜਾਣੂ ਹੋਣਗੇ। |

| | | | | |
|---|---|---|---|---|
| **ਨਵੰਬਰ** | 14 ਮੇਰਾ ਪੰਜਾਬ (ਲੇਖ)<br><br>15 ਪਾਣੀ (ਕਵਿਤਾ)<br><br>16 ਆਓ ਤੇ ਜਾਓ (ਕਵਿਤਾ)<br><br>ਵਿਆਕਰਨ (ਲੇਖ -ਅਰਜੀ, ਸ਼ਬਦ- ਬੋਧ)<br><br>ਸਪਤਾਹਿਕ ਪੇਪਰ | ਵਿਦਿਆਰਥੀਆਂ ਨੂੰ ਵਿਆਖਿਆਤਮਕ ਵਿਧੀ ਰਾਹੀਂ ਪੰਜਾਬ ਦੀ ਬੋਲੀ ,ਸੱਭਿਆਚਾਰ, ਰੀਤੀ ਰਿਵਾਜ ,ਰਹਿਣ- ਸਹਿਣ, ਖੇਡਾਂ, ਖਾਣ -ਪੀਣ ਤੋਂ ਜਾਣੂ ਕਰਵਾਇਆ ਜਾਵੇਗਾ।<br><br>ਵਿਦਿਆਰਥੀਆਂ ਨੂੰ ਪਾਣੀ ਦੇ ਮਹੱਤਵ ਤੋਂ ਜਾਣੂ ਕਰਵਾਉਂਦੇ ਹੋਏ ਇਸ ਦੀ ਦੁਰਵਰਤੋਂ ਰੋਕਣ ਦੇ ਵੱਖ ਵੱਖ ਤਰੀਕੇ ਦੱਸੇ ਜਾਣਗੇ।<br><br>ਵਿਦਿਆਰਥੀਆਂ ਨੂੰ ਅਜਿਹੇ ਮੌਕੇ ਪ੍ਰਧਾਨ ਕਰਨਾ ਕਵਿਤਾ ਨੂੰ ਲੈਆਤਮਿਕ ਦਬਾਅ ਸਹਿਤ ਉਚਾਰਿਆ ਜਾਵੇਗਾ ਅਤੇ ਇਸ ਰਾਹੀਂ ਵਿਦਿਆਰਥੀਆਂ ਨੂੰਹੱਥੀ ਕੰਮ ਕਰਨ ਅਤੇ ਲਗਨ ਨਾਲ ਮਿਹਨਤ ਕਰਨ ਲਈ ਪ੍ਰੇਰਿਆ ਜਾਵੇਗਾ।<br><br>ਵਿਦਿਆਰਥੀਆਂ ਨੂੰ ਲੇਖ ਅਤੇ ਅਰਜ਼ੀ ਲਿਖਣ ਦੇ ਵਿਆਕਰਨਿਕ ਨਿਯਮਾਂ ਬਾਰੇ ਦੱਸਣਾਅਤੇ ਵਿਦਿਆਰਥੀਆਂ ਦੀ ਭਾਸ਼ਾਈ ਸਮਰੱਥਾ ਵਿੱਚ ਵਾਧਾ ਕਰਨਾ।<br><br>ਵਿਦਿਆਰਥੀ ਸਪਤਾਹਿਕ ਪੇਪਰ ਲਈ ਹੇਠ ਲਿਖਿਆ ਸਿਲੇਬਸ ਯਾਦ ਕਰਨਗੇ (ਪਾਠ 11,12,13 ਅਭਿਆਸ ਸਹਿਤ ਲਿੰਗ ਬਦਲੋ, ਵਿਰੋਧੀ ਸ਼ਬਦ, ਮੁਹਾਵਰੇ (11-20) | ਵਿਦਿਆਰਥੀ ਵੱਖ-ਵੱਖ ਜ਼ਿਲ੍ਹਿਆਂ ਦੇ ਨਾਮ ਆਪਣੀ ਕਾਪੀ ਤੇ ਲਿਖਣਗੇ।<br><br>ਇਸ ਕਵਿਤਾ ਵਿੱਚੋਂ ਡਿੱਠਾ- ਪੈਰ੍ਹਾ ਕਰਵਾਇਆ ਜਾਵੇਗਾ।<br><br>ਵਿਦਿਆਰਥੀ ਕਵਿਤਾ ਯਾਦ ਕਰਕੇ ਜਮਾਤ ਵਿੱਚ ਸੁਣਾਉਣਗੇ। | ਵਿਦਿਆਰਥੀਆਂ ਨੇ ਪੰਜਾਬ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਅਤੇ ਪੰਜਾਬ ਦੇ ਸੱਭਿਆਚਾਰ ਬਾਰੇ ਜਾਣਕਾਰੀ ਪ੍ਰਾਪਤ ਕਰਨਗੇ।<br><br>ਵਿਦਿਆਰਥੀਆਂ ਨੇ ਪਾਣੀ ਪਾਣੀ ਦੀ ਸੰਭਾਲ ਦੇ ਵੱਖ-ਵੱਖ ਤਰੀਕਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਨਗੇ।<br><br>ਵਿਦਿਆਰਥੀਆਂ ਨੂੰ ਹੱਥੀਂ ਮਿਹਨਤ ਕਰਨ ਇਮਾਨਦਾਰੀ ਅਤੇ ਲਗਨ ਨਾਲ ਸਫਲਤਾ ਪ੍ਰਾਪਤ ਕਰਨ ਦੇ ਬਾਰੇ ਵਿੱਚ ਸਿੱਖਿਆ ਪ੍ਰਾਪਤ ਕਰਨਗੇ।<br><br>ਵਿਦਿਆਰਥੀਆਂ ਦੇ ਆਪਣੇ ਸ਼ਬਦ ਭੰਡਾਰ ਵਿੱਚ ਵਾਧਾ ਹੋਵੇਗਾ ਅਤੇ ਲੇਖ ਅਤੇ ਅਰਜ਼ੀ ਲਿਖਣ ਦੇ ਵਿਆਕਰਨਿਕ ਨਿਯਮਾਂ ਤੋਂ ਜਾਣੂ ਹੋਣਗੇ।<br><br>ਵਿਦਿਆਰਥੀ ਵਧੀਆ ਤਰੀਕੇ ਨਾਲ ਸਪਤਾਹਿਕ ਪੇਪਰ ਦੀ ਦੁਹਰਾਈ ਕਰਕੇ ਪੇਪਰ ਦੇਣਗੇ। |

| | | | | |
|---|---|---|---|---|
| **ਦਸੰਬਰ** | 17 ਮਾਤਾ ਗੁਜਰੀ ਜੀ (ਲੇਖ) | ਵਿਦਿਆਰਥੀਆਂ ਨੂੰ ਵਰਨਾਤਮਕ ਅਤੇ ਦ੍ਰਿਸ਼ਟਾਤਮਕ ਵਿਧੀ ਰਾਹੀਂ ਮਾਤਾ ਗੁਜਰੀ ਜੀ ਦੇ ਪਰਿਵਾਰ, ਜੀਵਨ ਅਤੇ ਸਿੱਖ- ਧਰਮ ਲਈ ਦਿੱਤੇ ਬਲੀਦਾਨ ਪ੍ਰਤੀ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਜਾਵੇਗਾ। | ਵਿਦਿਆਰਥੀ ਦਸਾਂ ਗੁਰੂ ਸਾਹਿਬਾਨਾਂ ਦੇ ਚਿੱਤਰ ਆਪਣੀ ਕਾਪੀ ਵਿੱਚ ਚਿਪਕਾਉਣਗੇ। | ਵਿਦਿਆਰਥੀਆਂ ਨੇ ਮਾਤਾ ਗੁਜਰੀ ਜੀ ਦੇ ਸਿੱਖ ਧਰਮ ਵਿੱਚ ਦਿੱਤੇ ਗਏ ਬਲੀਦਾਨ ਬਾਰੇ ਜਾਣਕਾਰੀ ਪ੍ਰਾਪਤ ਕਰਨਗੇ ਅਤੇ ਉਨ੍ਹਾਂ ਦੇ ਜੀਵਨ ਤੋਂ ਤਿਆਗ ਅਤੇ ਪਰਮਾਤਮਾ ਦੇ ਭਾਣੇ ਵਿੱਚ ਚੱਲਣ ਦੀ ਸਿੱਖਿਆ ਪ੍ਰਾਪਤ ਕਰਨਗੇ। |
| | 18 ਬਾਲ -ਬੋਲੀਆਂ (ਬੋਲੀਆਂ) | ਵਿਦਿਆਰਥੀਆਂ ਨੂੰ ਵਿਦਿਆਰਥੀ ਜੀਵਨ ਵਿਚ ਸਮੇਂ ਦੇ ਮਹੱਤਵ ਦੇ ਨਾਲ ਨਾਲ ਸੰਤੁਲਿਤ ਭੋਜਨ ਅਤੇ ਪੜਾਈ ਦੇ ਮਹੱਤਵ ਨੂੰ ਦੱਸਿਆ ਜਾਵੇਗਾ। ਜਿਸ ਨਾਲ ਸੱਭਿਆਚਾਰਕ ਅਤੇ ਸਮਾਜਿਕ ਬੋਧ ਵਿੱਚ ਵਾਧਾ ਹੋਵੇਗਾ। | ਵਿਦਿਆਰਥੀ ਇਹ ਕਵਿਤਾ ਨਾਟਕੀ ਰੂਪ ਵਿੱਚ ਪੜ੍ਹਨਗੇ। | ਵਿਦਿਆਰਥੀਆਂ ਨੇ ਚੰਗੀਆਂ ਆਦਤਾਂ ਅਤੇ ਬੁਰੀਆਂ ਆਦਤਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਅਤੇ ਚੰਗੀਆਂ ਆਦਤਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਦੇਮਹੱਤਵ ਬਾਰੇ ਸਿੱਖਿਆ ਪ੍ਰਾਪਤ ਕੀਤੀ। |
| | 19 ਬਾਬੇ ਭਕਨੇ ਦੀਆਂ ਪਿਆਰੀਆਂ ਗੱਲਾਂ(ਜੀਵਨੀ) | ਵਿਦਿਆਰਥੀਆਂ ਨੂੰ ਵਿਚਾਰ ਵਟਾਂਦਰਾ ਵਿਧੀ ਰਾਹੀਂ ਬਾਬੇ ਭਕਨੇ ਦੇ ਜੀਵਨ ਅਤੇ ਉਨ੍ਹਾਂ ਦੇ ਅਜ਼ਾਦੀ ਵਿੱਚ ਪਾਏ ਯੋਗਦਾਨ ਤੋਂ ਜਾਣੂ ਕਰਵਾਇਆ ਜਾਵੇਗਾ। | ਵਿਦਿਆਰਥੀਆਂ ਪੰਜ ਦੇਸ਼ ਭਗਤਾਂ ਦੀਆਂ ਤਸਵੀਰਾਂ ਆਪਣੀ ਕਾਪੀ ਤੇ ਚਿਪਕਾਉਣਗੇ। | ਵਿਦਿਆਰਥੀਆਂ ਨੇ ਬਾਬੇ ਭਕਨੇ ਦੇ ਜੀਵਨ ਸੰਘਰਸ਼ ਬਾਰੇ ਜਾਣਕਾਰੀ ਪ੍ਰਾਪਤ ਕੀਤੀ। |
| | ਵਿਆਕਰਨ ( ਲੇਖਕ ਪੱਤਰ) | ਵਿਦਿਆਰਥੀਆਂ ਦੀ ਭਾਸ਼ਾ ਯੋਗਤਾ ਦਾ ਵਿਕਾਸ ਕਰਨਾ, ਸ਼ਬਦ ਭੰਡਾਰ ਵਿੱਚ ਵਾਧਾ ਕਰਨਾ ਅਤੇ ਪੱਤਰ ਦਾ ਵਿਸ਼ਾ ਸਪੱਸ਼ਟੀਕਰਨ ਕਰਨਾ। | ਵਿਦਿਆਰਥੀ ਕਿਸੇ ਵੀ ਇੱਕ ਵਿਸ਼ੇ ਤੇ ਆਪਣੇ ਵਿਚਾਰ ਪ੍ਰਗਟ ਕਰਨਗੇ। | ਵਿਦਿਆਰਥੀਆਂ ਨੇ ਮਨੋਰੰਜਨ ਵਿਧੀ ਰਾਹੀਂ ਭਾਸ਼ਾ ਦਾ ਗਿਆਨ ਹਾਸਲ ਕੀਤਾ ਅਤੇ ਸਾਹਿਤ ਪ੍ਰਤੀ ਆਪਣੀ ਰੁਚੀ ਜਾਗ੍ਰਿਤ ਕੀਤੀ ਆਪਣੇ ਸ਼ਬਦ ਭੰਡਾਰ ਵਿੱਚ ਵਾਧਾ ਕੀਤਾ ਜਾਵੇਗਾ। |

| Name of the Month | Lesson/Poem/Grammar/ Writing task | Pedagogical process | Activities done | Learning outcome |
|---|---|---|---|---|
| **ਜਨਵਰੀ** | 20 ਮਿਹਨਤ ਦਾ ਮੁੱਲ (ਕਹਾਣੀ)<br><br>21 ਪਤੰਗ ਚੜ੍ਹਾਈਏ (ਕਵਿਤਾ)<br><br>ਸਪਤਾਹਿਕ ਪੇਪਰ | ਵਿਦਿਆਰਥੀਆਂ ਨੂੰ ਇਸ ਗੱਲ ਤੋਂ ਜਾਣੂ ਕਰਵਾਇਆ ਜਾਵੇਗਾ ਕਿ ਮਿਹਨਤ ਕਦੇ ਵੀ ਵਿਅਰਥ ਨਹੀਂ ਜਾਂਦੀ ਮਿਹਨਤ ਦਾ ਹਮੇਸ਼ਾ ਮੁੱਲ ਪੈਂਦਾ ਹੈ। ਮਿਹਨਤ ਕਰਨ ਬਾਰੇ ਵਰਣਾਤਮਕ ਵਿਧੀ ਦਾ ਪ੍ਰਯੋਗ ਕਰਦੇ ਹੋਏ ਜਾਣਕਾਰੀ ਦਿੱਤੀ ਜਾਵੇਗੀ।<br><br>ਵਿਦਿਆਰਥੀਆਂ ਨੂੰ ਅਜਿਹੇ ਮੌਕੇ ਪ੍ਰਧਾਨ ਕਰਨਾ ਕਵਿਤਾ ਨੂੰ ਲੈਆਤਮਿਕ ਦਆਬ ਸਹਿਤ ਉਚਾਰਿਆ ਜਾਵੇਗਾ ਅਤੇ ਇਸ ਰਾਹੀਂ ਵਿਦਿਆਰਥੀਆਂ ਨੂੰ ਬਸੰਤ ਰੁੱਤ ਦੀ ਆਮਦ ਬਾਰੇ ਅਤੇ ਉਸ ਦੇ ਮਹੱਤਵ ਦੀ ਜਾਣਕਾਰੀ ਦਿੱਤੀ ਜਾਵੇਗੀ।<br><br>ਵਿਦਿਆਰਥੀ ਸਪਤਾਹਿਤ ਪੇਪਰ ਲਈ ਹੇਠ ਲਿਖਿਆ ਸਲੇਬਸ ਯਾਦ ਕਰਨਗੇ (ਪਾਠ 14,15,17, ਅਭਿਆਸ ਸਹਿਤ , ਵਚਨ ਬਦਲੋ, ਸ਼ਬਦ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ(16-30) | ਜਮਾਤ ਵਿੱਚ ਨਾਟਕੀ ਰੂਪ ਵਿੱਚ ਕਹਾਣੀ ਦਾ ਮੰਚਨ ਕੀਤਾ ਜਾਵੇਗਾ।<br><br>ਵਿਦਿਆਰਥੀ ਵੱਖ-ਵੱਖ ਤਿਉਹਾਰਾਂ ਦੇ ਚਿੱਤਰ ਕਾਪੀ ਵਿੱਚ ਪਾਉਣਗੇ। | ਵਿਦਿਆਰਥੀ ਵੱਧ ਤੋਂ ਵੱਧ ਮਿਹਨਤ ਕਰਨ ਤੋਂ ਪ੍ਰਭਾਵਿਤ ਹੋਣਗੇ। ਮਿਹਨਤ ਅਤੇ ਲਗਨ ਨਾਲ ਸਫਲਤਾ ਪ੍ਰਾਪਤ ਕਰਨ ਦੀ ਪ੍ਰੇਰਨਾ ਹਾਸਲ ਕਰਨਗੇ।<br><br>ਵਿਦਿਆਰਥੀਆਂ ਨੇ ਬਸੰਤ ਰੁੱਤ ਦੇ ਬਾਰੇ ਵਿੱਚ ਜਾਣਕਾਰੀ ਪ੍ਰਾਪਤ ਕੀਤੀ ਅਤੇ ਮੌਸਮ ਬਾਰੇ ਜਾਣਕਾਰੀ ਹਾਸਿਲ ਕਰਨਗੇ।<br><br>ਵਿਦਿਆਰਥੀ ਵਧੀਆ ਢੰਗ ਨਾਲ ਸਪਤਾਹਿਤ ਪੇਪਰ ਦੀ ਦੁਹਰਾਈ ਕਰਕੇ ਪੇਪਰ ਦੇਣਗੇ। |
| **ਫਰਵਰੀ** | ਸਾਲਾਨਾ ਪ੍ਰੀਖਿਆ ਦੀ ਦੁਹਰਾਈ | ਵਿਦਿਆਰਥੀਆਂ ਨੂੰ ਸਲਾਨਾ ਪ੍ਰੀਖਿਆ ਦੀ ਤਿਆਰੀ ਕਰਵਾਈ ਜਾਵੇਗੀ। | | ਵਿਦਿਆਰਥੀ, ਸਲਾਨਾ ਪ੍ਰੀਖਿਆ ਦੀ ਦੁਹਰਾਈ ਕਰ ਰਹੇ ਹਨ। |
| **ਮਾਰਚ** | ਸਾਲਾਨਾ ਪ੍ਰੀਖਿਆ | ਵਿਦਿਆਰਥੀ ਸਾਲਾਨਾ ਪ੍ਰੀਖਿਆ ਲਈ ਵਿਦਿਆਰਥੀਆਂ ਦਾ ਮੁਲਾਂਕਣ ਕੀਤਾ ਜਾਵੇਗਾ। ਹੇਠ ਲਿਖਿਆ ਸਿਲੇਬਸ ਯਾਦ ਕਰਨਗੇ (ਪਾਠ 16,17,19,20,21) ਅਭਿਆਸ ਸਹਿਤ ਵਿਆਕਰਨ- ਅਕਤੂਬਰ ਤੋਂ ਜਨਵਰੀ ਤੱਕ। | | ਵਿਦਿਆਰਥੀ ਅਕਤੂਬਰ ਤੋਂ ਜਨਵਰੀ ਤੱਕ ਦਾ ਸਿਲੇਬਸ ਯਾਦ ਕਰਕੇ ਸਲਾਨਾ ਪ੍ਰੀਖਿਆ ਦੇਣਗੇ। |

# NANKANA SAHIB PUBLIC SCHOOL, GILL PARK LUDHIANA

**Class:- 5th　　Term: II　　Subject: Punjabi　　Teacher Name:- Mrs. Ramandeep Kaur Gill**

| Name of the Month | Lesson/Poem/Grammar/ Writing task | Pedagogical process | Activities done | Learning outcome |
|---|---|---|---|---|
| **ਅਕਤੂਬਰ** | **ਪਾਠ -11** ਸੱਪ,ਚਿੜੀ, ਬਿੱਲੀ ਤੇ ਰੁੱਖ | ਵਿਦਿਆਰਥੀਆਂ ਨੂੰ ਇਹ ਪਾਠ ਭਾਸ਼ਣ ਵਿਧੀ ਦੁਆਰਾ ਪੜ੍ਹਾਇਆ ਗਿਆ \|<br>ਵਿਦਿਆਰਥੀ ਇਸ ਪਾਠ ਰਾਹੀਂ ਇਹ ਸਮਝ ਸਕਣਗੇ ਕਿ ਧਰਤੀ ਤੇ ਹਰ ਕੁਦਰਤੀ ਸ਼ਹਿ ਦੀ ਆਪਣੀ ਅਹਮੀਅਤ ਹੈ ਅਤੇ ਰੁੱਖ ਕਈ ਤਰਾਂ ਦੇ ਪਸ਼ੂ ਪੰਛੀਆਂ ਦਾ ਬਸੇਰਾ ਵੀ ਹਨ ਜਿਸ ਵੱਜੋਂ ਰੁੱਖ ਆਦਮੀ ਤੇ ਜੀਵਾਂ ਦੋਹਾਂ ਲਈ ਲੋੜਵੰਦ ਹੈ \| ਬੱਚਿਆਂ ਦੇ ਮਨ ਵਿੱਚ ਜਾਨਵਰਾਂ ਪ੍ਰਤੀ ਹਮਦਰਦੀ ਪੈਦਾ ਹੋ ਸਕੇਗੀ \| | ਬੱਚੇ ਆਪਣੇ ਘਰ ਜਾਂ ਘਰ ਦੇ ਨੇੜੇ ਖਾਲੀ ਥਾਂ ਤੇ ਇੱਕ ਬੂਟਾ ਲਾਉਣਗੇ ਅਤੇ ਆਪਣੀ ਬੂਟਾ ਲਾਉਂਦੇ ਦੀ ਫੋਟੋ ਕਾਪੀ ਤੇ ਚਿਪਕਾਉਣਗੇ \| | ਬੱਚੇ ਰੁੱਖ ਲਾਉਣ ਦੇ ਫਾਇਦਿਆਂ ਤੋਂ ਜਾਣੂ ਹੋ ਸਕਣਗੇ ਅਤੇ ਸਮਾਜ ਨੂੰ ਵੀ ਰੁੱਖ ਲਾਉਣ ਲਈ ਪ੍ਰੇਰਿਤ ਕਰ ਸਕਣਗੇ \| |
| | **ਪਾਠ -12** ਸੱਚੀ ਮਿੱਤਰਤਾ | ਇਹ ਕਵਿਤਾ ਵਿਦਿਆਰਥੀਆਂ ਨੂੰ ਲੈਆਤਮਕ ਵਿਧੀ ਰਾਹੀਂ ਕਰਵਾਇਆ ਜਾਵੇਗਾ \|<br>ਇਸ ਪਾਠ ਦੇ ਰਾਹੀਂ ਬੱਚਿਆਂ ਅੰਦਰ ਮਿਲਵਰਤਨ, ਸਹਿਯੋਗ ਨੈਤਿਕ ਅਤੇ ਸਮਾਜਿਕ ਗੁਣਾਂ ਦਾਂ ਵਿਕਾਸ ਕੀਤਾ ਜਾਵੇਗਾ\| | ਬੱਚੇ ਮੇਰਾ ਮਿੱਤਰ ਤੇ ਲੇਖ ਲਿੱਖਣਗੇ \| | ਬੱਚੇ ਆਪਣੇ ਦੋਸਤ ਪ੍ਰਤੀ ਹਮਦਰਦੀ ਰੱਖ ਸਕਣ ਦੇ ਯੋਗ ਹੋ ਸਕੇ ਤੇ ਸੱਚੀ ਮਿੱਤਰਤਾ ਪੁਗਾਉਣ ਲਈ ਤੱਤਪਰ ਤਿਆਰ ਰਹਿਣ ਦੇ ਕਾਬਿਲ ਹੋ ਸਕਣਗੇ \| |
| | **ਪਾਠ -13** ਫੁਲਕਾਰੀ | ਇਹ ਪਾਠ ਵਿਦਿਆਰਥੀਆਂ ਨੂੰ ਵਿਚਾਰ -ਵਟਾਂਦਰਾਂ ਵਿਧੀ ਰਾਹੀਂ ਕਰਵਾਇਆ ਜਾਵੇਗਾ \|<br>ਇਸ ਪਾਠ ਦੇ ਮਾਧਿਅਮ ਰਾਹੀਂ ਬੱਚੇ ਫੁਲਕਾਰੀ ਦੀ ਵੱਖ -ਵੱਖ ਕਿਸਮਾਂ ਦੇ ਨਾਲ਼ -ਨਾਲ਼, ਉਹਨਾਂ ਦੀ ਵੱਖ ਵੱਖ ਮੌਕਿਆਂ ਤੇ ਵਰਤੋਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ \| | | ਬੱਚੇ ਫੁਲਕਾਰੀ ਦੀ ਵੱਖ -ਵੱਖ ਕਿਸਮਾਂ ਤੋਂ ਜਾਣੂ ਹੋ ਸਕਣ ਦੇ ਯੋਗ ਹੋ ਜਾਣਗੇ\| |
| | **ਵਿਆਕਰਨ** –<br>**ਲਿੰਗ ਬਦਲੋ** | ਵਿਦਿਆਰਥੀਆਂ ਨੂੰ ਪੰਜਾਬੀ ਦੇ ਪ੍ਰਮਾਣਿਕ ਰੂਪ ਤੋਂ ਜਾਣੂ ਕਰਵਾਉਣ ਅਤੇ ਉਸ ਦੀ ਠੀਕ ਵਰਤੋਂ ਦੇ ਸਮਰੱਥ ਬਣਾਉਣ ਲਈ | ਵਿਦਿਆਰਥੀ ਲੇਖ ਨੂੰ ਯਾਦ ਕਰ ਕੇ ਜਮਾਤ ਵਿੱਚ ਸੁਣਾਉਣਗੇ। | ਵਿਦਿਆਰਥੀਆਂ ਨੇ ਪੰਜਾਬੀ ਵਿਆਕਰਨ ਦੇ ਨਿਯਮਾਂ ਨੂੰ ਸਮਝ ਸਕਣਗੇ \| ਉਹਨਾਂ ਦੇ ਸ਼ਬਦ ਭੰਡਾਰ |

| | | | | |
|---|---|---|---|---|
| | **ਵਚਨ ਬਦਲੋ**<br>**ਵਿਰੋਧੀ ਸ਼ਬਦ**<br>**ਅਸ਼ੁੱਧ-ਸ਼ੁੱਧ**<br>**ਲੇਖ** -ਦਸਿਹਰਾ<br>**ਸਪਤਾਹਿਕ ਪ੍ਰੀਖਿਆ (ਪੀ. ਟੀ.-4)**<br>( **25-10-23**)<br>ਸਿਲੇਬਸ – ਪਾਠ -11,12,13, ਲਿੰਗ, ਵਚਨ, ਵਿਰੋਧੀ | ਵਿਆਕਰਨ ਦਾ ਗਿਆਨ ਅਤੇ ਰਚਨਾ ਦੇ ਵੱਖ-ਵੱਖ ਰੂਪਾਂ ਨਾਲ਼ ਜਾਣੂ ਕਰਵਾ ਕੇ ਅਭਿਆਸ ਕਰਵਾਇਆ ਜਾਵੇਗਾ।<br>ਦਸਿਹਰਾ ਲੇਖ ਦੇ ਮਾਧਿਅਮ ਰਾਹੀਂ ਇਸ ਤਿਉਹਾਰ ਦੇ ਇਤਿਹਾਸਕ ਤੇ ਧਾਰਮਿਕ ਪਿਛੋਕੜ ਅਤੇ ਮਹੱਤਤਾ ਤੋਂ ਜਾਣੂ ਕਰਵਾਉਣਾ \|<br>ਵਿਦਿਆਰਥੀਆਂ ਨੂੰ ਸਪਤਾਹਿਕ ਪ੍ਰੀਖਿਆ ਦੀ ਦੁਹਰਾਈ ਕਰਵਾਉਣਾ \| | ਵਿਦਿਆਰਥੀਆਂ ਸਿਲੇਬਸ ਯਾਦ ਕਰਕੇ ਆਉਣਗੇ \| | ਵਿੱਚ ਵੱਡਾ ਹੋਵੇਗਾ \|<br>ਬੱਚੇ ਦਸਹਿਰੇ ਦੇ ਇਤਿਹਾਸ ਨੂੰ ਜਾਨਣ ਚ' ਸਫ਼ਲ ਹੋਣਗੇ \|<br>ਵਿਦਿਆਰਥੀਆਂ ਦਾਂ ਸਪਤਾਹਿਕ ਪ੍ਰੀਖਿਆ ਦਾਂ ਨਤੀਜਾ ਸ਼ਾਨਦਾਰ ਰਹੇਗਾ \| |
| **ਨਵੰਬਰ** | **ਪਾਠ -14** ਦਾਦੀ ਦੀ ਪੋਤਿਆਂ ਨੂੰ ਨਸੀਹਤ<br>**ਪਾਠ - 15** ਰੇਸ਼ਮ ਦਾ ਕੀੜਾ | ਇਸ ਕਵਿਤਾ ਵਿਦਿਆਰਥੀਆਂ ਨੂੰ ਲੈਆਤਮਕ ਵਿਧੀ ਰਾਹੀਂ ਕਰਵਾਇਆ ਜਾਵੇਗਾ \|<br>ਇਸ ਕਵਿਤਾ ਦੇ ਮਾਧਿਅਮ ਰਾਹੀਂ ਬੱਚੇ ਸਿੱਖ ਧਰਮ ਦੇ ਇਤਿਹਾਸ ਨਾਲ਼ ਜਾਣੂ ਕਰਵਾਉਣਾ ਕਿ ਕਿਵੇਂ ਦਾਦੀ ਵੱਲੋਂ ਮਿਲੀ ਨਸੀਹਤ ਕਰਕੇ ਛੋਟੇ ਸਾਹਿਬਜ਼ਾਦਿਆਂ ਨੇ ਸੱਚ ਦੇ ਰਾਹ ਤੇ ਤੁਰਦੇ ਹੋਏ ਸਿੱਖ ਧਰਮ ਨੂੰ ਬਚਾਉਣ ਲਈ ਸ਼ਹੀਦੀ ਪ੍ਰਾਪਤ ਕੀਤੀ\|<br>ਇਹ ਪਾਠ ਵਿਦਿਆਰਥੀਆਂ ਨੂੰ ਸਰਲ ਤੋਂ ਜਟਿਲ ਵਿਧੀ / ਆਗਮਨ - ਨਿਗਮਨ ਵਿਧੀ ਦੁਆਰਾ ਕਰਵਾਇਆ ਜਾਵੇਗਾ \|<br>ਵਿਦਿਆਰਥੀ ਇਸ ਪਾਠ ਰਾਹੀਂ ਇੱਕ ਕੀੜੇ ਦੁਆਰਾ ਰੇਸ਼ਮ ਦੇ ਧਾਗੇ ਬਣਾਉਣ ਦੀ ਪ੍ਰਕਿਰਿਆ ਨੂੰ ਸਮਝ ਸਕਣ ਦੇ ਯੋਗ ਕਰਨਾ ਅਤੇ ਇਸ ਕੀੜੇ ਦੇ ਜੀਵਨ ਚੱਕਰ ਤੋਂ ਜਾਣੂ ਕਰਵਾਉਣਾ \| ਇਸਤੋਂ ਇਲਾਵਾ | ਸਿੱਖ ਇਤਿਹਾਸ ਤੇ ਚਰਚਾ ਕੀਤੀ ਜਾਵੇਗੀ \|<br>ਵਿਦਿਆਰਥੀ ਰੇਸ਼ਮ ਦੇ ਕੀੜੇ ਦਾ ਜੀਵਨ ਚੱਕਰ ਕਾਪੀ ਤੇ ਬਣਾਉਣਗੇ \| | ਵਿਦਿਆਰਥੀਆਂ ਨੇ ਸਿੱਖ ਕੌਮ ਦੇ ਸਭ ਤੋਂ ਛੋਟੇ ਸ਼ਹੀਦਾਂ ਬਾਰੇ ਜਾਣਕਾਰੀ ਹਾਸਲ ਕਰਨਗੇ ਅਤੇ ਇਹਨਾਂ ਮਹਾਨ ਸਖਸ਼ੀਅਤਾਂ ਤੋਂ ਆਪਣੇ ਜੀਵਨ ਲਈ ਸੇਧ ਲੈ ਸਕਣ ਚ' ਸਫ਼ਲ ਹੋਣਗੇ \|<br>ਵਿਦਿਆਰਥੀ ਰੇਸ਼ਮ ਦੇ ਧਾਗੇ ਨੂੰ ਬਣਾਉਣ ਦੀ ਪ੍ਰਕਿਰਿਆ ਤੇ ਰੇਸ਼ਮੀ ਧਾਗੇ ਤੋਂ ਬਣਨ ਵਾਲ਼ੇ ਕਪੜਿਆਂ ਬਾਰੇ ਜਾਣਕਾਰੀ ਹਾਸਲ ਕਰ ਕਰਨਗੇ \| |

| | | | | |
|---|---|---|---|---|
| | **ਪਾਠ -16** ਸਾਡਾ ਪਾਰਸ ਪਾਤਸ਼ਾਹ<br><br>**ਵਿਆਕਰਨ** –<br>**ਮੁਹਾਵਰੇ**<br><br>**ਸਮਾਨਾਰਥਕ-ਸ਼ਬਦ**<br><br>**ਪੱਤਰ** – ਆਪਣੇ ਪਿਤਾ ਜੀ ਕੋਲੋਂ ਪੈਸੇ ਮੰਗਵਾਉਣ ਲਈ ਪੱਤਰ | ਰੇਸ਼ਮੀ ਕੱਪੜੇ ਦਾ ਉਤਪਾਦਨ ਕਰਨ ਵਾਲ਼ੇ ਰਾਜਾਂ ਬਾਰੇ ਵੀ ਜਾਣਕਾਰੀ ਦੇਣਾ \|<br><br>ਇਸ ਪਾਠ ਨੂੰ ਵਿਦਿਆਰਥੀ ਨਾਟ ਮੰਚਨ ਵਿਧੀ ਰਾਹੀਂ ਸਮਝਣਗੇ\|<br>ਬੱਚਿਆਂ ਨੂੰ ਸ਼ੇਰ-ਏ -ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਜੀਵਨ, ਉਪਲੱਬਧੀਆਂ, ਪੰਜਾਬ ਲਈ ਕੀਤੇ ਕਾਰਜਾਂ ਤੋਂ ਜਾਣੂ ਕਰਵਾਇਆ ਜਾਵੇਗਾ \|<br><br>ਬੱਚਿਆਂ ਨੂੰ ਨਾਟਕੀ ਢੰਗ ਨਾਲ਼ ਵਾਕ ਬਣਾਉਣ ਦੀ ਕਲਾ ਸਿਖਾਉਣੀ, ਉਹਨਾਂ ਦੇ ਸ਼ਬਦ ਅਤੇ ਗਿਆਨ ਭੰਡਾਰ ਵਿੱਚ ਵਾਧਾ ਕਰਨਾ ਮੁੱਖ ਉਦੇਸ਼ ਰਹੇਗਾ \|<br><br>ਵਿਦਿਆਰਥੀਆਂ ਨੂੰ ਗ਼ੈਰ ਅਕਾਦਮਿਕ ਪੱਧਰ ਤੇ ਨਿੱਜੀ ਪੱਤਰ ਲਿਖਣ ਦੇ ਯੋਗ ਬਣਾਉਣਾ \| | ਵਿਦਿਆਰਥੀ ਜਮਾਤ ਵਿੱਚ ਇਸ ਇਕਾਂਗੀ ਦਾ ਨਾਟ ਮੰਚਨ ਕਰਨਗੇ \|<br>ਬੱਚੇ ਅਧਿਆਪਕ ਵੱਲੋਂ ਦਿਤੀਆਂ ਸਤਰਾਂ ਵਿੱਚ ਢੁੱਕਵੇਂ ਵਿਸ਼ਰਾਮ ਚਿੰਨ੍ਹ ਲਾਉਣ ਦਾ ਜਤਨ ਕਰਨਗੇ \|<br><br>--------- | ਵਿਦਿਆਰਥੀ ਮਹਾਰਾਜਾ ਰਣਜੀਤ ਸਿੰਘ ਜੀ ਦਾ ਆਪਣੀ ਪਰਜਾ ਲਈ ਪਿਆਰ, ਇੱਜ਼ਤ, ਪ੍ਰੇਮ ਸੇਵਾ ਭਾਵਨਾ ਤੋਂ ਜਾਣੂ ਹੋ ਸਕਣਗੇ \|<br>ਵਿਦਿਆਰਥੀ ਵਿਸ਼ਰਾਮ -ਚਿਨ੍ਹਾਂ ਦਾ ਸੰਕਲਪ ਦੁਹਰਾ ਸਕਣ ਦੇ ਯੋਗ ਹੋ ਜਾਣਗੇ \|<br><br>ਵਿਦਿਆਰਥੀ ਮਨੋਰੰਜਕ ਵਿਧੀ ਰਾਹੀਂ ਭਾਸ਼ਾ ਦਾ ਗਿਆਨ ਹਾਸਲ ਕਰਨਗੇ ਅਤੇ ਸਾਹਿਤ ਪ੍ਰਤੀ ਆਪਣੀ ਰੂਚੀ ਜਾਗ੍ਰਿਤ ਕਰ ਸਕਣ ਚ'ਸਫ਼ਲ ਰਹਿ ਸਕਣਗੇ \|<br><br>ਵਿਦਿਆਰਥੀ ਨਿਜੀ ਤੇ ਅਕਾਦਮਿਕ ਪੱਧਰ ਦੇ ਪੱਤਰਾਂ ਦੇ ਵਿੱਚ ਨਿਖੇੜਾ ਕਰਨ ਦੇ ਯੋਗ ਹੋ ਜਾਣਗੇ \| |
| **ਦਸੰਬਰ** | **ਪਾਠ -17** ਹਿੰਦ ਵਾਸੀਆਂ ਨੂੰ ਅੰਤਮ ਸੰਦੇਸ਼<br><br>**ਪਾਠ -18** ਕਹੀ ਹੱਸ ਪਈ | ਲੈਆਤਮਕ ਵਿਧੀ ਰਾਹੀਂ ਬੱਚੇ ਇਸ ਕਵਿਤਾ ਨੂੰ ਪੜ੍ਹਨਗੇ ਅਤੇ ਸਮਝਣਗੇ \|<br>ਵਿਦਿਆਰਥੀਆਂ ਨੂੰ ਕਰਤਾਰ ਸਿੰਘ ਸਰਾਭਾ ਦੀ ਸਖਸ਼ੀਅਤ ਤੋਂ ਜਾਣੂ ਕਰਵਾਉਣਾ ਮੁੱਖ ਉਦੇਸ਼ ਹੋਵੇਗਾ ਤੇ ਬੱਚਿਆਂ ਨੂੰ ਉਹਨਾਂ ਦੇ ਪਾਏ ਪੂਰਨਿਆਂ ਤੇ ਚੱਲਣ ਲਈ ਪ੍ਰੇਰਿਆ ਜਾਵੇਗਾ \|<br><br>ਇਸ ਪਾਠ ਨੂੰ ਵਿਦਿਆਰਥੀਆਂ ਨੂੰ ਸਮਝਾਉਣ ਲਈ ਭਾਸ਼ਣ ਵਿਧੀ ਵਰਤੀ ਜਾਵੇਗੀ \| | ਇਸ ਕਵਿਤਾ ਵਿੱਚੋਂ ਡਿੱਠਾ ਪੈਰ੍ਹਾ ਕਰਵਾਇਆ ਜਾਵੇਗਾ \|<br><br>ਬੱਚੇ ਆਪਣੇ ਜਨਮਦਿਨ ਤੇ ਇੱਕ ਰੁੱਖ ਲਾਉਣਗੇ\| | ਵਿਦਿਆਰਥੀ ਸਰਾਭਾ ਦੀ ਸਖਸ਼ੀਅਤ ਤੋਂ ਪ੍ਰਭਾਵਿਤ ਹੋ ਕੇ ਸਹੀ ਰਾਹ ਤੇ ਤੁਰਨ ਲਈ ਪ੍ਰੇਰਿਤ ਹੋ ਸਕਣਗੇ \|<br><br>ਬੱਚਿਆਂ ਦਾਂ ਰੁੱਖਾਂ ਪ੍ਰਤੀ ਪਿਆਰ ਵਧੇਗਾ \| |

| | | | | |
|---|---|---|---|---|
| | **ਪਾਠ -19**ਪੁਲਾੜ ਯਾਤਰੀ: ਕਲਪਨਾ ਚਾਵਲਾ<br><br>**ਵਿਆਕਰਨ** –<br>**ਲੇਖ**- ਗੁਰੂ ਗੋਬਿੰਦ ਸਿੰਘ ਜੀ<br><br>**ਸਪਤਾਹਿਕ ਪ੍ਰੀਖਿਆ (ਪੀ. ਟੀ.-4)**<br>**(6-12-23)**<br>**ਸਿਲੇਬਸ –** ਪਾਠ – 14,15,16<br>ਵਿਆਕਰਨ – ਮੁਹਾਵਰੇ, ਸਮਾਨਾਰਥਕ ਸ਼ਬਦ | ਇਸ ਪਾਠ ਦੀ ਮਦਦ ਨਾਲ਼ ਬੱਚੇ ਰੁੱਖਾਂ ਪ੍ਰਤੀ ਹਮਦਰਦੀ, ਰੁੱਖਾਂ ਦੀ ਮਨੁੱਖਾਂ ਨੂੰ ਦੇਣ ਤੋਂ ਜਾਣੂ ਕਰਵਾਉਣਾ ਮੁੱਖ ਉਦੇਸ਼ ਹੋਵੇਗਾ \|<br><br>ਇਹ ਪਾਠ ਬੱਚਿਆਂ ਨੂੰ ਸਿਖਲਾਈ ਤੇ ਪ੍ਰ./ਉ ਵਿਧੀ ਰਾਹੀਂ ਕਰਵਾਇਆ ਜਾਵੇਗਾ \|<br>ਵਿਦਿਆਰਥੀਆਂ ਨੂੰ ਪੁਲਾੜ ਯਾਤਰੀ – ਕਲਪਨਾ ਚਾਵਲਾ ਦੇ ਜੀਵਨ, ਉਸਦੇ ਸੁਭਾਅਤੇ ਉਸਦੀ ਪੁਲਾੜ ਯਾਤਰਾ ਤੋਂ ਜਾਣੂ ਕਰਵਾਉਣਾ \|<br><br>ਬੱਚੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਮੁੱਖ ਗਤੀਵਿਧੀਆਂ ਨੂੰ ਸਮਝ ਸਕਣ ਦੇ ਯੋਗ ਹੋ ਸਕਣਗੇ \|<br><br>ਵਿਦਿਆਰਥੀਆਂ ਨੂੰ ਸਪਤਾਹਿਕ ਪ੍ਰੀਖਿਆ ਦੀ ਦੁਹਰਾਈ ਕਰਵਾਉਣਾ\| | ਬੱਚੇ '**ਸੰਦ**' ਅੱਖਰ ਤੋਂ ਜਾਣੂ ਹੋ ਕੇ 5 ਸੰਦਾਂ ਦੇ ਨਾਂ ਕਾਪੀ ਤੇ ਲਿੱਖਣਗੇ \|<br><br>ਪਾਠ ਸੰਬੰਧਤ 10 ਨਵੇਂ ਸ਼ਬਦ ਕਾਪੀ ਤੇ ਸਮਝ ਕੇ ਯਾਦ ਕਰਕੇ ਲਿੱਖਣਗੇ\|<br><br>ਵਿਦਿਆਰਥੀ ਸਿਲੇਬਸ ਯਾਦ ਕਰਕੇ ਆਉਣਗੇ \| | ਬੱਚੇ ਕਲਪਨਾ ਦੇ ਜੀਵਨ ਤੋਂ ਸੇਧ ਲੈ ਕੇ ਆਪਣੇ ਸੁਪਨੇ ਪੂਰੇ ਕਰਨ ਲਈ ਹੱਡ ਭੰਨਵੀ ਮਿਹਨਤ ਕਰਨ ਲਈ ਪ੍ਰੇਰਿਤ ਹੋ ਸਕਣਗੇ \|<br><br>ਬੱਚੇ ਗੁਰੂ ਗੋਬਿੰਦ ਸਿੰਘ ਜੀ ਦੀ ਸਖਸ਼ੀਅਤ ਨੂੰ ਅਤੇ ਸਿੱਖ ਧਰਮ ਨੂੰ ਉਹਨਾਂ ਦੀ ਦੇਣ ਨੂੰ ਸਮਝਣ ਵਿੱਚ ਸਫ਼ਲ ਰਹਿਣਗੇ \|<br><br>ਵਿਦਿਆਰਥੀਆਂ ਦਾਂ ਸਪਤਾਹਿਕ ਪ੍ਰੀਖਿਆ ਦਾਂ ਨਤੀਜਾ ਸ਼ਾਨਦਾਰ ਰਹੇਗਾ\| |

| | | | | |
|---|---|---|---|---|
| **ਜਨਵਰੀ** | **ਪਾਠ -20** ਸਾਰਾਗੜ੍ਹੀ ਦੀ ਲੜਾਈ<br><br><br><br><br><br>**ਪਾਠ -21** ਅਸਲੀ ਸਿਖਿਆ<br><br><br><br><br><br><br>**ਵਿਆਕਰਨ** -ਪੜਨਾਂਵ ਅਤੇ ਕਿਸਮਾਂ)<br><br><br><br><br>**ਪੱਤਰ**-ਮਿੱਤਰ ਨੂੰ ਪਹਿਲੇ ਦਰਜੇ ਵਿੱਚ ਪਾਸ ਹੋਣ ਲਈ ਵਧਾਈ ਪੱਤਰ \| | ਇਹ ਕਵਿਤਾ ਬੱਚਿਆਂ ਨੂੰ ਲੈਆਤਮਕ ਤਰੀਕੇ ਨਾਲ਼ ਪੜਾਈ ਜਾਵੇਗੀ \|<br>ਬੱਚੇ ਇਸ ਕਵਿਤਾ ਦੇ ਮਾਧਿਅਮ ਰਾਹੀਂ ਸਾਰਾਗੜ੍ਹੀ ਦੀ ਲੜਾਈ ਦੇ ਇਤਿਹਾਸ ਤੇ ਮੁਠੀ ਭਰ ਸਿੱਖ ਸ਼ਹੀਦ ਸਿਪਾਹੀਆਂ ਦੀ ਦਲੇਰੀ, ਸੂਰਬੀਰਤਾ, ਸ਼ਹਾਦਤ ਤੋਂ ਜਾਣੂ ਕਰਵਾਉਣਾ \|<br><br>ਇਸ ਪਾਠ ਦੀ ਸਿਖਲਾਈ ਬਚਿਆਂ ਨੂੰ ਸਿੱਖਿਆਤਮਕ ਵਿਧੀ ਰਾਹੀਂ ਕਰਵਾਈ ਜਾਵੇਗੀ \|<br>ਵਿਦਿਆਰਥੀਆਂ ਨੂੰ ਲੋੜਵੰਦਾਂ ਦੀ ਮਦਦ ਕਰਨ, ਮਿਹਨਤ ਦਾ ਪੱਲਾ ਨਾ ਛੱਡਣ ਬਾਰੇ, ਸਮੇਂ ਦੀ ਕਦਰ ਕਰਨ ਲਈ ਪ੍ਰੇਰਿਤ ਕੀਤਾ ਜਾਵੇਗਾ\|<br><br>ਵਿਦਿਆਰਥੀਆਂ ਨੂੰ ਪੜਨਾਂਵ ਸ਼ਬਦਾਂ ਰਾਹੀਂ ਪੜਨਾਂਵ ਦੀਆਂ ਕਿਸਮਾਂ ਤੋਂ ਜਾਣੂ ਕਰਵਾਉਣਾ \|<br><br>ਬੱਚੇ ਅਰਜ਼ੀ ਅਤੇ ਪੱਤਰ ਵਿਚਲੇ ਅੰਤਰ ਨੂੰ ਸਮਝਾਉਣਾ \| ਇਸਦੇ ਨਾਲ਼ ਹੀ ਬੱਚਿਆਂ ਨੂੰ ਪੱਤਰ ਦਾ ਵਿਸ਼ਾ ਸਪਸ਼ਟ ਕੀਤਾ ਜਾਵੇਗਾ \| | ਬੱਚੇ ਸਾਰਾਗੜ੍ਹੀ ਦੀ ਲੜਾਈ ਦੇ ਇਤਿਹਾਸ ਸੰਬਧਤ 5 ਸਤਰਾਂ ਕਾਪੀ ਤੇ ਲਿੱਖਣਗੇ \|<br><br>ਬੱਚੇ ਕਿਸੇ ਦਿਨ ਤਿਉਹਾਰ ਤੇ ਕੱਪੜੇ, ਮਿੱਠੀਆਈ, ਕਿਸੇ ਮਜ਼ਦੂਰ ਜਾਂ ਲੋੜਵੰਦਾਂ ਨੂੰ ਦੇਣਗੇ \|<br><br>ਵਿਦਿਆਰਥੀ ਪੜਨਾਂਵ ਦਾਂ ਚਾਰਟ ਬਣਾਉਣਗੇ \|<br><br>--------- | ਬੱਚਿਆਂ ਨੇ ਸਿੱਖ ਇਤਿਹਾਸ ਅਤੇ ਸਿੱਖ ਸੂਰਮਿਆਂ ਦੀ ਬਹਾਦਰੀ, ਸ਼ਹਾਦਤ ਬਾਰੇ ਧਿਆਨ ਨਾਲ ਸੁਣਿਆ ਅਤੇ ਸਮਝਿਆ \|<br><br>ਬੱਚੇ ਸਮਾਜ ਦੇ ਕਿਸੇ ਵੀ ਤਬਕੇ ਦੇ ਆਪਣੇ ਤੋਂ ਬੜੇ ਵਿਅਕਤੀ ਨੂੰ ਮਾਨ – ਸਨਮਾਨ ਤੇ ਉਹਨਾਂ ਦੀ ਮਦਦ ਕਰਨ ਦੇ ਯੋਗ ਹੋ ਜਾਣਗੇ \|<br><br>ਬੱਚੇ ਪੜਨਾਂਵ ਦੇ ਵਿਆਕਰਨਿਕ ਭੇਦਾਂ ਨੂੰ ਨਿਖੇੜ ਕੇ ਸਮਝ ਸਕਣ ਦੇ ਯੋਗ ਹੋ ਜਾਣਗੇ \|<br><br>ਬੱਚੇ ਵੱਖ -ਵੱਖ ਵਿਸ਼ੇ ਤੇ ਪੱਤਰ ਲਿਖਣ ਦੀ ਕੋਸ਼ਿਸ਼ ਦੇ ਯੋਗ ਹੋ ਸਕਣਗੇ \| |

| | | | | |
|---|---|---|---|---|
| **ਫਰਵਰੀ** | **ਦੁਹਰਾਈ** | ਬੱਚੇ ਸਲਾਨਾ ਇਮਤਿਹਾਨ ਦੀ ਦੁਹਰਾਈ ਕਰਨਗੇ \| | | ਦੁਹਰਾਈ ਦੇ ਸਹਿਯੋਗ ਨਾਲ ਵਿਦਿਆਰਥੀਆਂ ਨੂੰ ਪਾਠ ਤੇ ਵਿਆਕਰਨ ਨੂੰ ਯਾਦ ਅਤੇ ਜਮਾਤੀ ਟੈਸਟ ਦੀ ਤਿਆਰੀ ਕਰਨ ਚ' ਮਦਦ ਮਿਲ ਜਾਵੇਗੀ \| |
| **ਮਾਰਚ** | **ਸਾਲਾਨਾ ਇਮਤਿਹਾਨ**<br>**ਸਿਲੇਬਸ – ਪਾਠ** -12,18,19,20,21<br>**ਵਿਆਕਰਨ –** ਅਕਤੂਬਰ **ਤੋਂ** ਜਨਵਰੀ ਤੱਕ | ਬੱਚੇ ਸਾਲਾਨਾ ਪ੍ਰੀਖਿਆ ਦੇਣ ਦੇ ਯੋਗ ਹੋ ਸਕਣਗੇ \| | | ਬੱਚਿਆਂ ਦਾ ਸਾਲਾਨਾ ਪ੍ਰੀਖਿਆ ਚ' ਵਧਿਆ ਪ੍ਰਦਰਸ਼ਨ ਰਹੇਗਾ \| |

# NANKANA SAHIB PUBLIC SCHOOL, GILL PARK LUDHIANA

**Class:- 6th Term:- II Subject:- Punjabi Teacher Name:- Ms. Rajinder Kaur Jeet**

| Name of the Month | Lesson/Poem/Grammar/ Writing task | Pedagogical process | Activities done | Learning outcome |
|---|---|---|---|---|
| ਅਕਤੂਬਰ | 16. ਵਿਸਾਖੀ ਦਾ ਮੇਲਾ (ਕਵਿਤਾ)<br><br>17. ਝੀਲ, ਪਸ਼ੂ, ਪੰਛੀ ਅਤੇ ਬੱਚੇ (ਕਹਾਣੀ)<br><br>18. ਸੜਕੀ ਦੁਰਘਟਨਾਵਾਂ ਤੋਂ ਬਚਾਅ (ਲੇਖ)<br><br>ਵਿਆਕਰਨ-(ਲਿੰਗ ਬਦਲੋ, ਬਚਨ ਬਦਲੋ, ਵਿਰੋਧੀ ਸ਼ਬਦ, ਮੁਹਾਵਰੇ ਅਤੇ ਡਿੱਠਾ ਪੈਰਾਂ ਰਚਨਾ। | ਵਿਦਿਆਰਥੀਆਂ ਨੂੰ ਇਸ ਕਵਿਤਾ ਰਾਹੀਂ ਪੰਜਾਬੀ ਸੱਭਿਆਚਾਰ ਅਤੇ ਵਿਸਾਖੀ ਦੇ ਸਮਾਜਿਕ ਅਤੇ ਇਤਿਹਾਸਕ ਮਹੱਤਵ ਬਾਰੇ ਜਾਣਕਾਰੀ ਦਿੱਤੀ ਜਾਵੇਗੀ।<br><br>ਵਿਦਿਆਰਥੀਆਂ ਨੂੰ ਤੁਲਨਾਤਮਕ ਵਿਧੀ ਦੀ ਵਰਤੋਂ ਕਰਦੇ ਹੋਏ ਅਲੋਪ ਹੋ ਰਹੇ ਪੰਛੀਆਂ ਬਾਰੇ ਦੱਸਿਆ ਜਾਵੇਗਾ। ਘਰਾਂ ਦੇ ਆਲੇ-ਦੁਆਲੇ ‘ਚ ਵਿਚਰਨ ਵਾਲੇ ਪੰਛੀਆਂ ਲਈ ਪਾਣੀ ਅਤੇ ਚੋਗੇ ਦੇ ਪ੍ਰਬੰਧ ਲਈ ਪ੍ਰੇਰਨਾ ਦਿੱਤੀ ਜਾਵੇਗੀ।<br><br>ਵਿਦਿਆਰਥੀਆਂ ਨੂੰ ਵਰਨਾਤਮਕ ਅਤੇ ਦ੍ਰਿਸ਼ਟਾਤਮਿਕ ਵਿਧੀ ਰਾਹੀਂ ਟ੍ਰੈਫਿਕ ਲਾਈਟ ਦਾ ਚਿੱਤਰ ਦਿਖਾ ਕੇ ਸੜਕਾਂ ਨਿਯਮਾਂ ਬਾਰੇ ਦੱਸਿਆ ਜਾਵੇਗਾ। ਸੜਕਾਂ ਤੇ ਹੋ ਰਹੀਆਂ ਦੁਰਘਟਨਾਵਾਂ ਦੇ ਕਾਰਨਾਂ ਅਤੇ ਬਚਾਅ ਸਬੰਧੀ ਉਦਾਹਰਣਾਂ ਦੇ ਕੇ ਸਮਝਾਇਆ ਜਾਵੇਗਾ।<br><br>ਵਿਦਿਆਰਥੀਆਂ ਨੂੰ ਪੰਜਾਬੀ ਦੇ ਪ੍ਰਮਾਣਿਕ ਰੂਪ ਤੋਂ ਜਾਣੂ ਕਰਵਾਉਣ ਲਈ ਅਤੇ ਉਸ ਦੀ ਠੀਕ ਵਰਤੋਂ ਦੇ ਯੋਗ ਬਣਾਉਣ ਲਈ ਵਿਆਕਰਨ ਦਾ ਗਿਆਨ ਅਤੇ ਵੱਖ-ਵੱਖ ਰੂਪਾਂ ਦਾ ਅਭਿਆਸ ਕਰਵਾਇਆ ਜਾਵੇਗਾ। | ਵਿਦਿਆਰਥੀਆਂ ਨੂੰ ਅਜਿਹੇ ਮੌਕੇ ਦਿੱਤੇ ਜਾਣਗੇ ਕਿ ਉਹ ਸੰਬੰਧਿਤ ਕਵਿਤਾ ਨੂੰ ਲੈਆਤਮਿਕ ਰੂਪ ਵਿੱਚ ਯਾਦ ਕਰਕੇ ਜਮਾਤ ਵਿੱਚ ਸੁਣਾਉਣਗੇ।<br>ਵਿਦਿਆਰਥੀਆਂ ਨੂੰ ਆਪਣੀ ਪੱਕੀ ਕਾਪੀ ਵਿੱਚ ਕੋਈ ਦਸ ਪ੍ਰਵਾਸੀ ਪੰਛੀਆਂ ਦੀਆਂ ਤਸਵੀਰਾਂ ਚਿਪਕਾਉਣ ਲਈ ਅਤੇ ਉਨ੍ਹਾਂ ਦੇ ਨਾਮ ਲਿਖਣ ਲਈ ਕਿਹਾ ਜਾਵੇਗਾ।<br><br>ਬੱਚੇ ਟ੍ਰੈਫ਼ਿਕ ਲਾਈਟ ਦਾ ਚਿੱਤਰ ਬਣਾ ਕੇ ਰੰਗ ਭਰਨਗੇ ਅਤੇ ਹਰ ਰੰਗ ਦੇ ਕਾਰਜ ਨੂੰ ਜਮਾਤ ਵਿੱਚ ਦੱਸਣਗੇ। | ਵਿਦਿਆਰਥੀ ਵਿਸਾਖੀ ਦੇ ਮੇਲੇ ਦੇ ਮੂਲ ਦ੍ਰਿਸ਼ਾਂ ਨੂੰ ਆਪਣੇ ਸ਼ਬਦਾਂ ਵਿੱਚ ਵਾਰਤਕ ਰੂਪ ਵਿੱਚ ਲਿਖਣਗੇ।<br><br>ਵਿਦਿਆਰਥੀ ਅਲੋਪ ਹੋ ਰਹੇ ਪੰਛੀਆਂ ਬਾਰੇ ਜਾਣਕਾਰੀ ਹਾਸਲ ਕਰਨਗੇ ਅਤੇ ਹਮਦਰਦੀ ਦੀ ਭਾਵਨਾ ਰੱਖਦੇ ਹੋਏ ਆਪਣੇ ਪੱਧਰ ਤੇ ਪੰਛੀਆਂ ਲਈ ਚੋਗੇ ਅਤੇ ਪਾਣੀ ਦਾ ਪ੍ਰਬੰਧ ਕਰਨਗੇ।<br><br>ਵਿਦਿਆਰਥੀ ਸੜਕੀ ਨਿਯਮਾਂ ਦੀ ਜਾਣਕਾਰੀ ਅਤੇ ਸੜਕੀ ਨਿਯਮਾਂ ਨੂੰ ਪਾਲਣ ਕਰਨ ਦੇ ਯੋਗ ਹੋ ਜਾਣਗੇ।<br><br>ਵਿਦਿਆਰਥੀਆਂ ਦੇ ਸ਼ਬਦ ਭੰਡਾਰ ਵਿੱਚ ਵਾਧਾ ਹੋਵੇਗਾ, ਮੁਹਾਵਰਿਆਂ ਦੇ ਮਹੱਤਵ ਤੋਂ ਵਿਦਿਆਰਥੀਆਂ ਦੀ ਭਾਸ਼ਾਈ ਸਮਰੱਥਾ ਵਿੱਚ ਨਿਖਾਰ ਆਵੇਗਾ। |

| | | | | |
|---|---|---|---|---|
| ਨਵੰਬਰ | 19. ਤਿੰਨ ਸਵਾਲ (ਕਹਾਣੀ)<br><br>20. ਧਰਤੀ ਦਾ ਗੀਤ (ਕਵਿਤਾ)<br><br>21. ਪਿੰਡ ਇਉਂ ਬੋਲਦੈ (ਕਹਾਣੀ)<br><br>22. ਲੋਕ - ਨਾਇਕ ਦਾ ਚਲਾਣਾ ( ਕਹਾਣੀ )<br><br>ਵਿਆਕਰਨ – ( ਅਸ਼ੁੱਧ- ਸ਼ੁੱਧ ਸ਼ਬਦ, ਬਹੁਤ ਹੀ ਸ਼ਬਦਾਂ ਦੀ ਥਾਂ ਇੱਕ ਸ਼ਬਦ,ਵਿਰੋਧੀ ਸ਼ਬਦ, ਪੜਨਾਂਵ ਅਤੇ ਉਸ ਦੀਆਂ ਕਿਸਮਾਂ, ਲੇਖ- ਦੀਵਾਲੀ)<br><br>ਸਪਤਾਹਿਕ ਪੇਪਰ – 3<br>ਸਿਲੇਬਸ – ਪਾਠ 16,17,18 , ਲਿੰਗ ਬਦਲੋ, ਵਚਨ ਬਦਲੋ, ਵਿਰੋਧੀ ਸ਼ਬਦ, ਮੁਹਾਵਰੇ। | ਇਸ ਪਾਠ ਰਾਹੀਂ ਵਿਦਿਆਰਥੀਆਂ ਨੂੰ ਮਨੁੱਖੀ ਜੀਵਨ ਦੀਆਂ ਸਹੀ ਕਦਰਾਂ ਕੀਮਤਾਂ, ਸਮਾਜਿਕ ਜੀਵਨ ਦਾ ਆਚਾਰ ਵਿਹਾਰ ਵਿੱਚ ਸਮੇਂ ਦੀ ਸਹੀ ਵਰਤੋਂ ਕਰਨ ਬਾਰੇ ਵਰਨਾਤਮਕ ਵਿਧੀ ਦਾ ਪ੍ਰਯੋਗ ਕਰਦੇ ਹੋਏ ਜਾਣਕਾਰੀ ਦਿੱਤੀ ਜਾਵੇ।<br>ਵਿਦਿਆਰਥੀਆਂ ਲਈ ਅਜਿਹੇ ਮੌਕੇ ਪ੍ਰਦਾਨ ਕਰਨਾ ਕਵਿਤਾ ਨੂੰ ਲੈਆਤਮਿਕ, ਦਬਾਅ ਸਹਿਤ ਉਚਾਰਿਆ ਜਾਵੇਗਾ ਅਤੇ ਇਸ ਰਾਹੀਂ ਵਿਦਿਆਰਥੀਆਂ ਨੂੰ ਕੁਦਰਤ ਦੇ ਵੱਖ-ਵੱਖ ਰੂਪਾਂ ਅਤੇ ਉਸ ਦੀ ਸਾਂਭ ਸੰਭਾਲ ਕਰਨ ਬਾਰੇ ਦੱਸਿਆ ਜਾਵੇਗਾ।<br><br>ਇਸ ਪਾਠ ਰਾਹੀਂ ਵਿਦਿਆਰਥੀਆਂ ਨੂੰ ਆਗਮਨ ਤੋਂ ਨਿਗਮਨ ਵਿਧੀ ਰਾਹੀਂ ਪਿੰਡਾਂ ਦੇ ਜੀਵਨ ਅਤੇ ਪਿੰਡਾਂ ਦੀ ਖ਼ੁਸ਼ਹਾਲੀ ਅਤੇ ਸਾਫ਼ ਸੁਥਰੀ ਆਬੋ,-ਹਵਾ ਦਾ ਗਿਆਨ ਕਰਵਾਇਆ ਜਾਵੇਗਾ।<br><br>ਵਿਦਿਆਰਥੀਆਂ ਨਾਲ ਮਹਾਨ ਦੇਸ਼ ਭਗਤਾਂ ਬਾਰੇ ਵਿਚਾਰ ਵਿਟਾਂਦਰਾ ਵਿਧੀ ਦੀ ਵਰਤੋਂ ਕਰਦੇ ਹੋਏ ਪੰਡਤ ਜਵਾਹਰ ਲਾਲ ਨਹਿਰੂ ਦੇ ਜੀਵਨ ਅਤੇ ਅਜਾਦੀ ਵਿੱਚ ਉਹਨਾਂ ਦੇ ਅਹਿਮ ਯੋਗਦਾਨ ਬਾਰੇ ਜਾਣਕਾਰੀ ਮੁੱਹਈਆ ਕਰਵਾਈ ਜਾਵੇਗੀ। ਜਿਸ ਦੁਆਰਾ ਉਨ੍ਹਾਂ ਅੰਦਰ ਆਤਮ ਵਿਸ਼ਵਾਸ ਅਤੇ ਦੇਸ਼ ਭਗਤੀ ਦਾ ਜਜ਼ਬਾ ਭਰਿਆ ਜਾਵੇਗਾ।।<br><br>ਵਿਦਿਆਰਥੀਆਂ ਦੇ ਸ਼ਬਦ ਭੰਡਾਰ ਵਿੱਚ ਵਾਧਾ ਕੀਤਾ ਜਾਵੇਗਾ, ਵਿਆਕਰਨਿਕ ਨਿਯਮਾਂ ਦੀ ਸਹੀ ਵਰਤੋਂ ਅਤੇ ਪ੍ਰਭਾਵਸ਼ਾਲੀ ਢੰਗ ਅਤੇ ਪ੍ਰਸ਼ਨ ਉੱਤਰ ਵਿਧੀ ਰਾਹੀਂ ਲੇਖ ਕਰਵਾਇਆ ਜਾਵੇਗਾ।<br><br>ਸਪਤਾਹਿਕ ਪੇਪਰ ਲਈ ਉਪਰੋਕਤ ਸਿਲੇਬਸ ਦੀ ਦੁਹਰਾਈ ਕਰਵਾਈ ਜਾਵੇਗੀ | ਜਮਾਤ ਵਿੱਚ ਨਾਟਕੀ ਰੂਪ ਵਿੱਚ ਕਹਾਣੀ ਦਾ ਮੰਚਨ ਕੀਤਾ ਜਾਵੇਗਾ।<br><br>ਕੁਦਰਤ ਦੀ ਸਾਂਭ ਸੰਭਾਲ ਕਿਵੇਂ ਕੀਤੀ ਜਾ ਸਕਦੀ ਹੈ ?ਪੰਜ ਸਤਰਾਂ ਲਿਖੋ।<br><br>ਵਿਦਿਆਰਥੀਆਂ ਨੂੰ ਪਿੰਡ ਦੀਆਂ ਵਿਸ਼ੇਸ਼ਤਾਵਾਂ ਦਰਸਾਉਂਦਾ ਲੇਖ ਲਿਖਣ ਲਈ ਉਤਸ਼ਾਹਿਤ ਕੀਤਾ ਜਾਵੇਗਾ।<br><br>ਵਿਦਿਆਰਥੀ ਕੋਈ ਪੰਜ ਦੇਸ਼ ਭਗਤਾਂ ਦੇ ਨਾਮ ਲਿਖਣਗੇ ਅਤੇ ਉਨ੍ਹਾਂ ਦੀਆਂ ਤਸਵੀਰਾਂ ਕਾਪੀ ਵਿੱਚ ਲਗਾਉਣਗੇ।<br><br>ਵਿਦਿਆਰਥੀ ਸ਼ਬਦ ਭੇਦਾਂ ਨੂੰ ਸਮਝਕੇ ਪਰਿਭਾਸ਼ਾ ਅਤੇ ਉਦਾਹਰਨਾਂ ਨੂੰ ਲਿਖਦੇ ਹੋਏ ਵਾਕਾਂ ਵਿੱਚੋਂ ਸ਼ਬਦਾਂ ਦੇ ਭੇਦਾਂ ਨੂੰ ਪਛਾਨਣਗੇ। | ਵਿਦਿਆਰਥੀ ਰੋਜ਼ਾਨਾ ਜੀਵਨ ਵਿੱਚ ਸਮੇਂ ਦੇ ਮਹੱਤਵ ਨੂੰ ਸਮਝਦੇ ਹੋਏ ਇਸ ਦੀ ਰੋਜ਼ਾਨਾ ਜੀਵਨ ਵਿੱਚ ਸਹੀ ਵਰਤੋਂ ਕਰਨਗੇ।<br><br>ਵਿਦਿਆਰਥੀ ਕੁਦਰਤੀ ਨਜ਼ਾਰਿਆਂ ਅਤੇ ਕੁਦਰਤ ਦੀ ਦੇਣ ਦੇ ਮਹੱਤਵ ਨੂੰ ਸਮਝਦੇ ਹੋਏ ਇਸ ਦੀ ਸਾਂਭ ਸੰਭਾਲ ਕਰਨ ਯੋਗ ਹੋਣਗੇ।<br><br>ਵਿਦਿਆਰਥੀ, ਪਿੰਡਾਂ ਦੇ ਜੀਵਨ ਬਾਰੇ ਆਪਣੇ-ਆਪਣੇ ਵਿਚਾਰ ਜਮਾਤ ਵਿੱਚ ਬੋਲ ਕੇ ਅਤੇ ਕਾਪੀ ਵਿੱਚ ਲਿਖ ਕੇ ਪੇਸ਼ ਕਰਨਗੇ।<br>ਵਿਦਿਆਰਥੀਆਂ ਨੂੰ ਮਹਾਨ ਸੂਰਵੀਰਾਂ, ਦੇਸ਼ ਭਗਤਾਂ ਦੇ ਬਾਰੇ ਮੁੱਢਲੇ ਪੱਧਰ ਦੀ ਜਾਣਕਾਰੀ ਪ੍ਰਾਪਤ ਹੋਵੇਗੀ ਅਤੇ ਉਨ੍ਹਾਂ ਅੰਦਰ ਰਾਸ਼ਟਰਵਾਦੀ ਭਾਵਨਾ ਜਨਮ ਲਵੇਗੀ।<br><br>ਵਿਦਿਆਰਥੀ ਨਿਯਮਾਂ ਅਤੇ ਸ਼ਬਦ ਭੇਦਾਂ ਦੀ ਸਹੀ ਵਰਤੋਂ ਕਰਨ ਦੇ ਯੋਗ ਹੋ ਜਾਣਗੇ।<br><br>ਵਿਦਿਆਰਥੀ ਸਪਤਾਹਿਕ ਪੇਪਰਾਂ ਵਿੱਚ ਚੰਗੀ ਕਾਰਜ ਕੁਸ਼ਲਤਾ ਦਿਖਾਉਣਗੇ। |

| | | | | |
|---|---|---|---|---|
| ਦਸੰਬਰ | 23. ਹਾਕੀ ਖਿਡਾਰਨ:ਅਜਿੰਦਰ ਕੌਰ (ਜੀਵਨੀ) | ਇਸ ਪਾਠ ਰਾਹੀਂ ਵਿਦਿਆਰਥੀਆਂ ਨੂੰ ਹਾਕੀ ਖਿਡਾਰਣ ਅਜਿੰਦਰ ਕੌਰ ਦੇ ਜੀਵਨ ਅਤੇ ਹਾਕੀ ਵਿੱਚ ਉਸ ਦੇ ਉੱਘੇ ਯੋਗਦਾਨ ਬਾਰੇ ਚਾਨਣਾ ਪਾਇਆ ਜਾਵੇਗਾ ਅਤੇ ਵਾਰਤਕ ਰੂਪ ਦਾ ਪੈਰਾ ਦੇ ਕੇ ਪ੍ਰਸ਼ਨ ਉੱਤਰ ਵਿਧੀ ਦੇ ਪ੍ਰਯੋਗ ਰਾਹੀਂ ਕਿਰਿਆ ਕਰਵਾਈ ਜਾਵੇਗੀ। | ਹਾਕੀ ਖੇਡ ਬਾਰੇ ਵਾਰਤਕ ਰੂਪ ਵਿੱਚ ਪੰਜ ਤੋਂ ਦਸ ਸਤਰਾਂ ਲਿਖੋ। | ਵਿਦਿਆਰਥੀ ਹਾਕੀ ਖਿਡਾਰਣ ਅਜਿੰਦਰ ਕੌਰ ਦੇ ਹਾਕੀ ਵਿੱਚ ਯੋਗਦਾਨ ਬਾਰੇ ਜਾਣੂ ਹੋਣਗੇ ਅਤੇ ਰਾਸ਼ਟਰੀ ਖੇਡ ਹਾਕੀ ਬਾਰੇ ਜਾਣਕਾਰੀ ਪ੍ਰਾਪਤ ਕਰਨਗੇ। |
| | 24. ਵੱਡੇ ਕੰਮ ਦੀ ਭਾਲ (ਕਹਾਣੀ) | ਵਿਦਿਆਰਥੀਆਂ ਨੂੰ ਭਾਈ ਘਨੱ੍ਈਆ ਜੀ ਦੇ ਜੀਵਨ ਬਾਰੇ ਦੱਸਣਾ ਅਤੇ ਉਹਨਾਂ ਦੇ ਜੀਵਨ ਤੋਂ ਪ੍ਰੇਰਿਤ ਅਜੋਕੇ ਸਮੇਂ ਵਿੱਚ ਭਾਰਤੀ ਰੈੱਡ ਕਰਾਸ ਸੰਸਥਾ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ। | ਮੁੱਢਲੀ ਸਹਾਇਤਾ ਬਾਕਸ ਵਿੱਚਲੀਆਂ ਚੀਜਾਂ ਦੀ ਸੂਚੀ ਬਣਾਓ। | ਵਿਦਿਆਰਥੀਆਂ ਅੰਦਰ ਦੂਸਰਿਆਂ ਦੀ ਸਹਾਇਤਾ ਕਰਨ ਅਤੇ ਸੇਵਾ ਭਾਵ ਪੈਦਾ ਹੋਣਗੇ। ਦੁਰਘਟਨਾ ਸਮੇ ਮੁੱਢਲੀ ਸਹਾਇਤਾ ਬਾਕਸ ਬਾਰੇ ਜਾਣਕਾਰੀ ਪ੍ਰਾਪਤ ਕਰਨਗੇ। |
| | 25. ਭਾਰਤ ਰਤਨ: ਡਾਕਟਰ ਭੀਮ ਰਾਓ ਅੰਬੇਦਕਰ(ਜੀਵਨੀ)<br><br>ਵਿਆਕਰਨ – (ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ, ਲੇਖ -ਮਨ ਭਾਉਂਦਾ ਅਧਿਆਪਕ, ਪੱਤਰ- ਛੋਟੇ ਭਰਾ ਨੂੰ ਜਿਆਦਾ ਟੀਵੀ ਨਾ ਦੇਖਣ ਅਤੇ ਪੜਾਈ ਵਿੱਚ ਮਨ ਲਗਾਉਣ ਲਈ ਪੱਤਰ ਲਿਖੋ, ਤਸਵੀਰ ਵਰਨਣ।) | ਵਿਦਿਆਰਥੀਆਂ ਨੂੰ ਮਹਾਨ ਵਿਦਵਾਨਾਂ ਅਤੇ ਦੇਸ਼ ਭਗਤਾਂ ਦੀਆਂ ਤਸਵੀਰਾਂ ਦਿਖਾਉਂਦੇ ਹੋਏ ਡਾਕਟਰ ਭੀਮ ਰਾਓ ਅੰਬੇਦਕਰ ਦੇ ਜੀਵਨ ਅਤੇ ਉਨ੍ਹਾਂ ਦੇ ਮਹੱਤਵਪੂਰਨ ਅਹੁਦੇ ਅਤੇ ਕੰਮਾਂ ਬਾਰੇ ਜਾਣਕਾਰੀ ਮੁਹਈਆ ਕਰਵਾਈ ਜਾਵੇਗੀ।<br><br>ਵਿਦਿਆਰਥੀਆਂ ਨੂੰ ਨੈਤਿਕ ਕਦਰਾਂ-ਕੀਮਤਾਂ, ਸਮਾਜਿਕ ਜੀਵਨ ਦਾ ਆਚਾਰ-ਵਿਹਾਰ, ਬਾਲ ਮਨਾਂ ਦੀਆਂ ਸੰਵੇਦਨਾ ਮਈ ਪਹੁੰਚ, ਚਿੱਠੀ ਪੱਤਰ ਲਿਖਣ ਦੇ ਯੋਗ ਬਣਾਉਣਾ। | ਕੋਈ 10 ਦੇਸ਼ ਭਗਤਾਂ ਦੀਆਂ ਤਸਵੀਰਾਂ ਲਗਾਓ ਅਤੇ ਨਾਮ ਦੱਸੋ। | ਵਿਦਿਆਰਥੀ ਭੀਮ ਰਾਓ ਅੰਬੇਦਕਰ ਦੇ ਜੀਵਨ ਅਤੇ ਉਨ੍ਹਾਂ ਦੇ ਭਾਰਤੀ ਸੰਵਿਧਾਨ ਵਿੱਚ ਯੋਗਦਾਨ ਤੋਂ ਜਾਣੂ ਹੋਣਗੇ।।<br>ਵਿਦਿਆਰਥੀਆਂ ਦੇ ਸ਼ਬਦ ਭੰਡਾਰ ਵਿੱਚ ਵਾਧਾ ਹੋਵੇਗਾ। ਉਹ ਅਕਾਦਮਿਕ ਅਤੇ ਗ਼ੈਰ ਅਕਾਦਮਿਕ ਪੱਧਰ ਤੇ ਚਿੱਠੀ-ਪੱਤਰ ਲਿਖਣ ਦੇ ਯੋਗ ਹੋਣਗੇ। |
| | ਸਪਤਾਹਿਤ ਪੇਪਰ – 4 (ਪਾਠ - ,19,20,21, ਅਸ਼ੁੱਧ – ਸ਼ੁਧ ਸ਼ਬਦ, ਬਹੁਤੇ ਹੀ ਸ਼ਬਦਾਂ ਦੀ ਥਾਂ ਇੱਕ ਸ਼ਬਦ।) | ਸਪਤਾਹਿਕ ਪੇਪਰ ਲਈ ਉਪਰੋਕਤ ਸਿਲੇਬਸ ਦੀ ਲਿਖਤੀ ਅਤੇ ਜ਼ੁਬਾਨੀ ਦੁਹਰਾਈ ਕਰਵਾਈ ਜਾਵੇਗੀ। | ਵਿਦਿਆਰਥੀਆਂ ਨੂੰ ਚਿੱਤਰ ਵਰਣਨ ਕਰਨ ਲਈ ਕਿਹਾ ਜਾਵੇਗਾ। | ਵਿਦਿਆਰਥੀ ਸਪਤਾਹਿਕ ਪੇਪਰ ਵਿੱਚ ਚੰਗੀ ਕਾਰਜ ਕੁਸ਼ਲਤਾ ਦਾ ਪ੍ਰਦਰਸ਼ਨ ਕਰਨਗੇ |

| | | | | |
|---|---|---|---|---|
| ਜਨਵਰੀ | 26. ਫੁੱਲਾਂ ਦਾ ਸੁਨੇਹਾ (ਕਵਿਤਾ)<br><br>ਵਿਆਕਰਨ - (ਮਿੱਤਰ ਜਾਂ ਸਹੇਲੀ ਨੂੰ ਪਾਸ ਹੋਣ ਤੇ ਵਧਾਈ ਪੱਤਰ ਲਿਖੋ।) | ਇਸ ਕਵਿਤਾ ਰਾਹੀਂ ਵਿਦਿਆਰਥੀਆਂ ਨੂੰ ਫੁੱਲਾਂ ਨਾਲ ਤਿੱਤਲੀ ਅਤੇ ਭੌਰੇ ਦੇ ਸੰਬੰਧ ਬਾਰੇ ਦੱਸਿਆ ਜਾਵੇਗਾ ਅਤੇ ਫੁੱਲਾਂ ਦਾ ਉਨ੍ਹਾਂ ਦੀ ਜ਼ਿੰਦਗੀ ਵਿਚ ਜੋ ਸਥਾਨ ਹੈ ਉਸ ਬਾਰੇ ਜਾਣਕਾਰੀ ਮੁਹਈਆਂ ਕਰਵਾਈ ਜਾਵੇਗੀ।<br><br>ਵਿਦਿਆਰਥੀਆਂ ਨੂੰ ਆਪਣੇ ਵਿਚਾਰਾਂ ਨੂੰ ਸ਼ੁੱਧ-ਸਪਸ਼ਟ ,ਸਰਲ ਅਤੇ ਰਵਾਨਗੀ ਵਿਚ ਪ੍ਰਗਟ ਕਰਨ ਦੇ ਸਮਰੱਥ ਅਤੇ ਗੈਰ ਅਕਾਦਮਿਕ ਪੱਧਰ ਤੇ ਪੱਤਰ ਲਿਖਣ ਦੇ ਯੋਗ ਬਣਾਉਣਾ। | ਫੁੱਲਾਂ ਦਾ ਸੁਨੇਹਾ ਕਵਿਤਾ ਨੂੰ ਵਿਦਿਆਰਥੀਆਂ ਵਲੋਂ ਜਮਾਤ ਵਿਚ ਲੈਆਤਮਕ ਰੂਪ ਵਿੱਚ ਉਚਾਰਿਆ ਜਾਵੇਗਾ।<br><br>ਅਣਡਿੱਠਾ ਪੈਰ੍ਹਾ ਦੇ ਕੇ ਵਿਦਿਆਰਥੀਆਂ ਨੂੰ ਪ੍ਰਸ਼ਨਾਂ ਦੇ ਉੱਤਰ ਲਿਖਣ ਲਈ ਕਿਹਾ ਜਾਵੇਗਾ। | ਵਿਦਿਆਰਥੀ ਪੜ੍ਹਨ ਸਮੱਗਰੀ ਨੂੰ ਪੂਰੀ ਗਤੀ, ਦਬਾਅ, ਠੀਕ ਸ਼ਬਦ ਉਚਾਰਨ ਦੇ ਨਾਲ ਜਮਾਤ ਵਿੱਚ ਪੜ੍ਹਨਗੇ ਅਤੇ ਫੁੱਲਾਂ ਸੰਬੰਧੀ ਜਾਣਕਾਰੀ ਪ੍ਰਾਪਤ ਕਰਨਗੇ।<br>ਵਿਦਿਆਰਥੀ ਪੱਤਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਿਖਣ ਦੇ ਯੋਗ ਹੋ ਜਾਣਗੇ। ਅਤੇ ਦਿੱਤੇ ਹੋਏ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਉਸਦੇ ਅਰਥਾਂ ਨੂੰ ਸਮਝ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦੇਣਗੇ। |
| ਫਰਵਰੀ | ਸਾਲਾਨਾ ਪ੍ਰੀਖਿਆ ਦੁਹਰਾਈ | ਉਪਰੋਕਤ ਸਿਲੇਬਸ ਨਾਲ ਸਬੰਧਿਤ ਲਿਖਤੀ ਅਤੇ ਮੌਖਿਕ ਟੈਸਟ ਲੈ ਕੇ ਸਾਲਾਨਾ ਪ੍ਰੀਖਿਆ ਦੀ ਤਿਆਰੀ ਕਰਵਾਈ ਜਾਵੇਗੀ। | | ਵਿਦਿਆਰਥੀ ਸਾਲਾਨਾ ਪ੍ਰੀਖਿਆ ਨਾਲ ਸੰਬੰਧਿਤ ਲਿਖਤੀ ਅਤੇ ਮੌਖਿਕ ਟੈਸਟ ਦੇਣਗੇ। |
| ਮਾਰਚ | ਸਾਲਾਨਾ ਪ੍ਰੀਖਿਆ(ਪਾਠ-19,20,21,22,24,25,26)<br>ਵਿਆਕਰਨ-ਅਕਤੂਬਰ ਤੋਂ ਫ਼ਰਵਰੀ ਤੱਕ। | ਉਪਰੋਕਤ ਸਿਲੇਬਸ ਦੀ ਤਿਆਰੀ ਕਰਵਾ ਕੇ ਮੁਲਾਂਕਣ ਲਈ ਸਲਾਨਾ ਪ੍ਰੀਖਿਆ ਲਈ ਜਾਵੇਗੀ | | ਵਿਦਿਆਰਥੀ ਸਾਲਾਨਾ ਪ੍ਰੀਖਿਆ ਦੇਣਗੇ। |

# NANKANA SAHIB PUBLIC SCHOOL, GILL PARK LUDHIANA

**Class:-…7th Term II Subject: Punjabi Teacher Name Mrs. Manpreet Kaur Gill**

| Name of the Month | Lesson/Poem/Grammar/ Writing task | Pedagogical process | Activities done | Learning outcome |
|---|---|---|---|---|
| ਅਕਤੂਬਰ | 15 ਜੀਅ ਕਰੇ | ਵਿਦਿਆਰਥੀਆਂ ਨੂੰ ਇਹ ਪਾਠ ਲੈਆਤਮਕ ਵਿਧੀ ਰਾਹੀਂ ਪੜ੍ਹਾਇਆ ਜਾਵੇਗਾ \|ਵਿਦਿਆਰਥੀਆਂ ਨੂੰ ਰੁੱਖਾਂ ਦੇ ਲਾਭ ਦੱਸਦੇ ਹੋਏ ਉਹਨਾਂ ਨੂੰ ਵੱਧ ਤੋਂ ਵੱਧ ਰੁੱਖ ਲਾਉਣ ਅਤੇ ਰੁੱਖਾਂ ਦੀ ਸਾਂਭ -ਸੰਭਾਲ ਕਰਨ ਲਈ ਪ੍ਰੇਰਤ ਕੀਤਾ ਜਾਵੇਗਾ \| | ਵਿਦਿਆਰਥੀ ਇੱਕ ਚਿੱਤਰ ਬਨਾਉਣਗੇ ਜਿਸ ਵਿੱਚ ਰੁੱਖ, ਪੰਛੀ, ਨਦੀ, ਬੱਦਲ਼ ਦਿਖਾਏ ਗਏ ਹੋਣ ਅਤੇ ਉਸ ਵਿੱਚ ਰੰਗ ਵੀ ਭਰਨਗੇ \| | ਵਿਦਿਆਰਥੀ ਸਵੈ ਰੁੱਖ ਲਗਾਉਣ ਲਈ ਪ੍ਰੇਰਤ ਹੋਣਗੇ ਅਤੇ ਸਮਾਜ ਨੂੰ ਵੀ ਰੁੱਖ ਲਗਾਉਣ ਲਈ ਪ੍ਰੇਰਤ ਕਰਨਗੇ \| |
| | ਪਾਠ 16 ਤ੍ਰਿਲੋਚਨ ਦਾ ਕੱਦ | ਵਿਦਿਆਰਥੀਆਂ ਨੂੰ ਇਹ ਪਾਠ ਪ੍ਰਸ਼ਨ /ਉੱਤਰ ਵਿਧੀ ਰਾਹੀਂ ਪੜ੍ਹਾਇਆ ਜਾਵੇਗਾ \|ਵਿਦਿਆਰਥੀਆਂ ਨੂੰ ਇਸ ਗੱਲ ਤੋਂ ਜਾਣੂ ਕਰਵਾਉਣਾ ਕਿ ਸਰੀਰਿਕ ਦਿੱਖ ਨਾਲ਼ੋਂ ਮਨੁੱਖ ਦੇ ਅਦਰੂਨੀ ਗੁਣਾਂ ਦਾ ਮਹੱਤਵ ਜਿਆਦਾ ਹੁੰਦਾ ਹੈ\| | ਇਸ ਪਾਠ ਵਿੱਚੋਂ ਕਿਰਿਆ - ਵਿਸ਼ੇਸ਼ਣ ਸ਼ਬਦ ਚੁਣ ਕੇ ਸੂਚੀ ਤਿਆਰ ਕਰਵਾਉਣੀ \| | ਵਿਦਿਆਰਥੀ ਚੰਗੇ ਗੁਣ ਗ੍ਰਹਿਣ ਕਰਨ ਲਈ ਪ੍ਰੇਰਤ ਹੋਣਗੇ ਅਤੇ ਹਰ ਕੰਮ ਮਿਹਨਤ ਅਤੇ ਲਗਨ ਨਾਲ਼ ਕਰਨ ਦਾ ਸਬਕ ਸਿੱਖਣਗੇ \| |
| | ਪਾਠ 17ਲਾਲਾ ਲਾਜਪਤ ਰਾਏ | ਵਿਦਿਆਰਥੀਆਂ ਨੂੰ ਇਹ ਪਾਠ ਭਾਸ਼ਣ ਵਿਧੀ ਰਾਹੀਂ ਪੜ੍ਹਾਇਆ ਜਾਵੇਗਾ \|ਵਿਦਿਆਰਥੀਆਂ ਨੂੰ ਲਾਲਾ ਲਾਜਪਤ ਰਾਏ ਜੀ ਦੇ ਜੀਵਨ ਤੋਂ ਸੇਧ ਲੈਂਣ ਲਈ ਪ੍ਰੇਰਿਆ ਜਾਵੇਗਾ , ਉਹਨਾਂ ਦੇ ਦੇਸ਼ ਦੀ ਅਜ਼ਾਦੀ ਵਿੱਚ ਪਏ ਯੋਗਦਾਨ ਤੋਂ ਜਾਣੂ ਕਰਵਾਇਆ ਜਾਵੇਗਾ \| | ਵਿਦਿਆਰਥੀ ਲਾਲਾ ਲਾਜਪਤ ਰਾਏ ਜਾਂ ਸ਼ਹੀਦ ਭਗਤ ਸਿੰਘ ਬਾਰੇ ਲੇਖ ਲਿਖਣਗੇ \| | ਵਿਦਿਆਰਥੀਆਂ ਵਿੱਚ ਦੇਸ਼ ਭਗਤੀ ਦੀ ਭਾਵਨਾ ਪੈਦਾ ਹੋਵੇਗੀ ਅਤੇ ਲਾਲਾ ਲਾਜਪਤ ਜੀ ਦੇ ਜੀਵਨ ਤੋਂ ਜਾਣੂ ਹੋ ਜਾਣਗੇ \| |
| | ਵਿਆਕਰਨ –ਲਿੰਗ(ਸਫ਼ਾ 41,42) , ਵਚਨ (ਸਫ਼ਾ 47,48), ਵਿਰੋਧੀ(ਸਫ਼ਾ 84), ਮੁਹਾਵਰੇ (21-30),ਸਮਾਨਾਰਥਕ ਸ਼ਬਦ (16-30)ਚਾਚਾ ਜੀ ਨੂੰ ਤੋਹਫ਼ੇ ਲਈ ਧੰਨਵਾਦ ਪੱਤਰ ਲਿਖੋ \| | ਵਿਦਿਆਰਥੀਆਂ ਨੂੰ ਵਿਆਕਰਨ ਦੇ ਪ੍ਰਮਾਣਿਕ ਰੂਪ ਤੋਂ ਜਾਣੂ ਕਰਵਾਉਣ ਅਤੇ ਉਸਦੀ ਠੀਕ ਵਰਤੋਂ ਕਰਨ ਦੇ ਸਮਰੱਥ ਬਣਾਉਣ ਲਈ ਵਿਆਕਰਨ ਦੇ ਵੱਖ -ਵੱਖ ਰੂਪਾਂ ਦਾ ਅਭਿਆਸ ਕਰਵਾਇਆ ਜਾਵੇਗਾ \| | ਮੁਹਾਵਰਿਆਂ ਦੀ ਵਰਗ ਪਹੇਲੀ ਕਰਵਾਈ ਜਾਵੇਗੀ \| | ਵਿਦਿਆਰਥੀ ਮਨੋਰੰਜਕ ਵਿਧੀ ਰਾਹੀਂ ਭਾਸ਼ਾ ਦਾ ਗਿਆਨ ਹਾਸਲ ਕਰਨਗੇ ਅਤੇ ਸਾਹਿਤ ਪ੍ਰਤੀ ਆਪਣੀ ਰੁਚੀ ਪੈਦਾ ਕਰਨਗੇ \| |

| | | | | |
|---|---|---|---|---|
| ਨਵੰਬਰ | ਪਾਠ -18 ਗਿਠਮੁਠੀਆਂ ਵਾਲ਼ਾ ਖ਼ੂਹ | ਵਿਦਿਆਰਥੀਆਂ ਨੂੰ ਇਹ ਪਾਠ ਪ੍ਰਦਰਸ਼ਨ ਵਿਧੀ ਰਾਹੀਂ ਪੜ੍ਹਾਇਆ ਜਾਵੇਗਾ \|ਵਿਦਿਆਰਥੀਆਂ ਨੂੰ ਇਹ ਦੱਸਿਆ ਜਾਵੇਗਾ ਕਿ ਖ਼ੂਹ ਕਿਸ ਤਰ੍ਹਾਂ ਹੋਂਦ ਵਿੱਚ ਆਉਂਦੇ ਹਨ ਅਤੇ ਇਸ ਵਹਿਮ ਚੋਂ ਵੀ ਕੱਢਿਆ ਜਾਵੇਗਾ ਕਿ ਗਿੱਠਮੁਠੀਆਂ ਸਿਰਫ਼ ਇੱਕ ਕਲਪਨਾ ਮਾਤਰ ਜੀਵ ਹੈ \| | ਵਿਦਿਆਰਥੀ ਖ਼ੂਹ ਦਾ ਚਿੱਤਰ ਦੇਖਦੇ ਹੋਏ ਉਸ ਬਾਰੇ ਦਸ ਸਤਰਾਂ ਆਪਣੀ ਕਾਪੀ ਵਿੱਚ ਲਿਖਣਗੇ \| | ਵਿਦਿਆਰਥੀ ਇਹ ਜਾਨਣ ਦੇ ਯੋਗ ਹੋ ਜਾਣਗੇ ਕਿ ਪੁਰਾਣੇ ਸਮਿਆਂ ਵਿੱਚ ਵੱਖ -ਵੱਖ ਕੰਮਾਂ ਲਈ ਖ਼ੂਹ ਦੇ ਪਾਣੀ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਸੀ \| |
| | ਅਦਭੁਤ ਸੰਸਾਰ | ਵਿਦਿਆਰਥੀਆਂ ਨੂੰ ਇਹ ਕਵਿਤਾ ਲੈਆਤਮਕ ਵਿਧੀ ਰਾਹੀਂ ਪੜ੍ਹਾਈ ਜਾਵੇਗੀ \|ਵਿਦਿਆਰਥੀਆਂ ਨੂੰ ਸਮੁੰਦਰ ਸੰਬੰਧੀ ਹੋਰ ਲੋੜੀਦੀ ਜਾਣਕਾਰੀ ਪ੍ਰਦਾਨ ਕਰਨ ਲਈ ਕਿਸੇ ਚੈਨਲ /ਪ੍ਰੋਗਰਾਮ /ਪੁਸਤਕ /ਫ਼ਿਲਮ ਬਾਰੇ ਦੱਸਿਆ ਜਾਵੇਗਾ \| | ਇਸ ਕਵਿਤਾ ਵਿੱਚੋਂ ਡਿੱਠਾ ਪੈਰ੍ਹਾ ਕਰਵਾਉਣਾ \| | ਵਿਦਿਆਰਥੀ ਇਸ ਗੱਲ ਤੋਂ ਜਾਣੂ ਹੋ ਜਾਣਗੇ ਕਿ ਧਰਤੀ ਦੀ ਤਰ੍ਹਾਂ ਸਮੁੰਦਰ ਵਿੱਚ ਵੀ ਜੀਵ ਜੰਤੂਆਂ ਦਾ ਇੱਕ ਸੰਸਾਰ ਹੈ ਇਸ ਲਈ ਉਹ ਪਾਣੀ ਨੂੰ ਦੂਸ਼ਿਤ ਹੋਣ ਤੋਂ ਵਚਾਉਣ ਸੰਬੰਧੀ ਸੁਚੇਤ ਹੋਣਗੇ \| |
| | ਸੱਤ ਡਾਕਟਰ | ਵਿਦਿਆਰਥੀਆਂ ਨੂੰ ਇਹ ਪਾਠ ਭਾਸ਼ਣ ਵਿਧੀ ਰਾਹੀਂ ਕਰਵਾਇਆ ਜਾਵੇਗਾ \|ਇਹ ਪਾਠ ਨੂੰ ਪੜ੍ਹਾ ਕੇ ਵਿਦਿਆਰਥੀਆਂ ਨੂੰ ਨਿੰਮ ਵਰਗੇ ਹੋਰ ਗੁਣਕਾਰੀ ਪੌਦਿਆਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ ਅਤੇ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਆ ਜਾਵੇਗਾ \| | ਵਿਦਿਆਰਥੀ ਵੱਖ -ਵੱਖ ਰੁੱਖਾਂ ਦਾ ਚਿੱਤਰ ਆਪਣੀ ਕਾਪੀ ਵਿੱਚ ਚਿਪਕਾਉਣਗੇ ਅਤੇ ਉਨ੍ਹਾਂ ਦਾ ਨਾਮ ਲਿਖਣਗੇ \| | ਵਿਦਿਆਰਥੀ ਰੁੱਖਾਂ ਤੋਂ ਮਿਲ਼ਦੇ ਵੱਖ -ਵੱਖ ਲਾਭਾਂ ਤੋਂ ਜਾਣੂ ਹੋਣਗੇ ਅਤੇ ਰੁੱਖ ਲਗਾਉਣ ਲਈ ਪ੍ਰੇਰਤ ਹੋਣਗੇ \| |
| | ਸੁਨੀਤਾ ਵਿਲੀਅਮਜ਼ | ਵਿਦਿਆਰਥੀਆਂ ਨੂੰ ਇਹ ਪਾਠ ਵਿਚਾਰ -ਵਟਾਂਦਰਾ ਵਿਧੀ ਰਾਹੀਂ ਪੜ੍ਹਾਇਆ ਜਾਵੇਗਾ \|ਵਿਦਿਆਰਥੀਆਂ ਨੂੰ ਪੁਲਾੜ ਸੰਬੰਧੀ ਹੋਰ ਰੋਚਕ ਜਾਣਕਾਰੀ ਦਿੱਤੀ ਜਾਵੇਗੀ ਅਤੇ ਉਹਨਾਂ ਨੂੰ ਸੁਨੀਤਾ ਵਿਲੀਅਮਜ਼ ਦੇ ਜੀਵਨ ਤੋਂ ਜਾਣੂ ਕਰਵਾਇਆ ਜਾਵੇਗਾ \| | ਵਿਦਿਆਰਥੀ ਵਿਗਿਆਨ ਅਤੇ ਇਸ ਦੀਆਂ ਕਾਢਾਂ ਬਾਰੇ ਲੇਖ ਲਿਖਣਗੇ \| | ਵਿਦਿਆਰਥੀ ਵੱਖ -ਵੱਖ ਸਾਧਨਾਂ ਤੋਂ ਪੁਲਾੜ ਸੰਬੰਧੀ ਹੋਰ ਜਾਣਕਾਰੀ ਇਕੱਤਰ ਕਰਨਗੇ ਅਤੇ ਆਪਸੀ ਵਿਚਾਰ -ਵਟਾਂਦਰਾ ਕਰਨਗੇ \| |
| | ਵਿਆਕਰਨ - ਅਗੇਤਰ(ਸਫ਼ਾ 80, ਦੂਜੀ ਸਤਰ ), ਪਿਛੇਤਰ(ਸਫ਼ਾ 81, ਦੂਜੀ ਸਤਰ ), ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ(16-30), ਕਾਲ ਅਤੇ ਕਾਲ ਦੀਆਂ ਕਿਸਮਾਂ<br>ਲੇਖ -ਗੁਰੂ ਨਾਨਕ ਦੇਵ ਜੀ ,ਆਪਣੀ ਛੋਟੀ ਭੈਣ ਨੂੰ ਮੋਬਾਈਲ ਤੋਂ ਵਰਜਦਿਆਂ ਪੜ੍ਹਾਈ ਵੱਲ ਵਧੇਰੇ ਧਿਆਨ ਦੇਣ ਲਈ ਚਿੱਠੀ ਲਿਖੋ | ਵਿਦਿਆਰਥੀਆਂ ਨੂੰ ਇਹ ਦੱਸਿਆ ਜਾਵੇਗਾ ਕਿ ਅਗੇਤਰ ਉਹ ਸਬਦਾਸ਼ ਹਨ ਜੋ ਮੂਲ ਸ਼ਬਦਾਂ ਦੇ ਅੱਗੇ ਲੱਗ ਕੇ ਨਵਾਂ ਸ਼ਬਦ ਬਣਾਉਂਦੇ ਹਨ ਅਤੇ ਪਿਛੇਤਰ ਮੂਲ ਸ਼ਬਦ ਦੇ ਪਿੱਛੇ ਲੱਗ ਕੇ ਨਵਾਂ ਸ਼ਬਦ ਬਣਾਉਂਦੇ ਹਨ \|ਸ਼ਬਦਾਂ ਦੀ ਮੂਲ ਵੰਡ ਬਾਰੇ ਦੱਸਿਆ ਜਾਵੇਗਾ \|ਸੰਖੇਪ ਰੂਪ ਵਿੱਚ ਗੱਲ ਕਰਨ ਦੀ ਤਕਨੀਕ ਦੱਸੀ ਜਾਵੇਗੀ \| | ਬਲੈਕ ਬੋਰਡ ਦੀ ਵਰਤੋਂ ਕਰਕੇ ਵਿਦਿਆਰਥੀ ਅਗੇਤਰ, ਪਿਛੇਤਰ ਲਗਾ ਕੇ ਨਵੇਂ ਸ਼ਬਦ ਬਣਾਉਣ ਦੀ ਜਾਣਕਾਰੀ ਹਾਸਿਲ ਕਰਨਗੇ। | ਵਿਦਿਆਰਥੀ ਅਗੇਤਰ -ਪਿਛੇਤਰ ਲਗਾ ਕੇ ਨਵੇਂ ਸ਼ਬਦ ਬਣਾਉਣ ਦਾ ਅਭਿਆਸ ਕਰਨਗੇ ਅਤੇ ਕਾਲ ਦੀ ਪਰਿਭਾਸ਼ਾ ਅਤੇ ਕਿਸਮਾਂ ਯਾਦ ਕਰਨਗੇ \| |
| | | ਵਿਦਿਆਰਥੀਆਂ ਦਾ ਸਪਤਾਹਿਕ ਪੇਪਰ ਹੇਠ ਲਿਖੇ ਸਿਲੇਬਸ ਵਿੱਚੋਂ | ਵਿਦਿਆਰਥੀ ਲਿਖਤੀ | |

| | | | | |
|---|---|---|---|---|
| | ਸਪਤਾਹਿਕ ਪੇਪਰ | ਲਿਆ ਜਾਵੇਗਾ :-<br>ਪਾਠ -15,16,17, ਲਿੰਗ ਬਦਲੋ, ਵਚਨ ਬਦਲੋ, ਵਿਰੋਧੀ ਸ਼ਬਦ, ਮੁਹਾਵਰੇ, ਸਮਾਨਾਰਥਕ ਸ਼ਬਦ \| | ਅਭਿਆਸ ਕਰਨਗੇ। | ਵਿਦਿਆਰਥੀ ਸਪਤਾਹਿਕ ਪੇਪਰ ਦਾ ਸਿਲੇਬਸ ਯਾਦ ਕਰਕੇ ਪੇਪਰ ਦੇਣਗੇ \| |
| ਦਿਸੰਬਰ | ਪਾਠ -22 ਵਿਰਾਸਤੇ -ਏ -ਖਾਲਸਾ<br><br>ਪਾਠ -23 ਮਿਲਖੀ ਦਾ ਵਿਆਹ<br><br>ਪਾਠ -24 ਜਾਗੋ<br><br>ਵਿਆਕਰਨ -ਯੋਜਕ ਦੀ ਪਰਿਭਾਸ਼ਾ ਅਤੇ | ਵਿਦਿਆਰਥੀਆਂ ਨੂੰ ਇਹ ਪਾਠ ਕਿਰਿਆਤਮਕ ਵਿਧੀ ਰਾਹੀਂ ਪੜ੍ਹਾਇਆ ਜਾਵੇਗਾ \|ਵਿਦਿਆਰਥੀਆਂ ਨੂੰ ਵਿਰਾਸਤ-ਏ -ਖ਼ਾਲਸਾ ਦੀ ਰੂਪ ਰੇਖਾ ਤੇ ਭਵਨ -ਨਿਰਮਾਣ ਕਲਾ ਤੋਂ ਜਾਣੂ ਕਰਵਾਇਆ ਜਾਵੇਗਾ ਅਤੇ ਇਸ ਸਥਾਨ ਦੀ ਉਸਾਰੇ ਦੇ ਮੂਲ ਉਦੇਸ਼ ਤੋਂ ਜਾਣੂ ਕਰਵਾਇਆ ਜਾਵੇਗਾ \|<br><br>ਵਿਦਿਆਰਥੀਆਂ ਨੂੰ ਇਹ ਕਵਿਤਾ ਲੈਆਤਮਕ ਵਿਧੀ ਰਾਹੀਂ ਪੜ੍ਹਾਈ ਜਾਵੇਗੀ \|ਵਿਦਿਆਰਥੀਆਂ ਨੂੰ ਬਾਂਦਰ -ਬਾਂਦਰੀ ਦੇ ਤਮਾਸ਼ੇ ਬਾਰੇ ਜਾਣਕਾਰੀ ਦਿੱਤੀ ਜਾਵੇਗੀ ਅਤੇ ਇਸ ਤਰ੍ਹਾਂ ਦੇ ਹੋਰ ਖੇਡ ਤਮਾਸ਼ਿਆਂ ਬਾਰੇ ਦੱਸ ਕੇ ਉਤਸ਼ਾਹਿਤ ਕੀਤਾ ਜਾਵੇਗਾ \|<br><br>ਵਿਦਿਆਰਥੀਆਂ ਨੂੰ ਇਹ ਪਾਠ ਵਿਚਾਰ -ਵਟਾਂਦਰਾ ਵਿਧੀ ਰਾਹੀਂ ਕਰਵਾਇਆ ਜਾਵੇਗਾ \|ਵਿਦਿਆਰਥੀਆਂ ਨੂੰ ਜਾਗੋ ਦੀ ਰਸਮ ਤੋਂ ਜਾਣੂ ਕਰਵਾਇਆ ਜਾਵੇਗਾ \|ਉਹਨਾਂ ਨੂੰ ਦੱਸਿਆ ਜਾਵੇਗਾ ਕਿ ਜਾਗੋ ਮਾਂ ਦੇ ਪੇਕਿਆਂ ਵੱਲੋਂ ਕੱਢੀ ਜਾਣ ਵਾਲ਼ੀ ਰਸਮ ਹੈ, ਜਿਸ ਵਿੱਚ ਗਾਗਰ ਦੇ ਗਲ਼ ਦੇ ਚੁਫੇਰੇ ਗੁੰਨਿਆਂ ਆਟਾ ਲਗਾ ਕੇ ਤੇਲ ਦੇ ਦੀਵੇ ਬਾਲ ਕੇ ਰੱਖੇ ਜਾਂਦੇ ਹਨ \|<br>ਭਾਸ਼ਾ ਵਿਆਕਰਨ ਦੇ ਵਾਧੇ ਲਈ ਉਦਾਹਰਨ ਦੇ ਕੇ ਬਲੈਕ ਬੋਰਡ | ਇਸ ਪਾਠ ਵਿੱਚੋਂ ਖੁੱਲੀ ਕਿਤਾਬ ਪਰੀਖਿਆ ਲਈ ਜਾਵੇਗੀ \|ਵਿਦਿਆਰਥੀਆਂ ਨੂੰ ਪ੍ਰਸ਼ਨ ਦਿੱਤੇ ਜਾਣਗੇ ਅਤੇ ਉਹ ਪਾਠ ਪੜ੍ਹਨਗੇ ਅਤੇ ਉਹਨਾਂ ਦੇ ਉੱਤਰ ਦੇਣਗੇ \|<br><br>ਕਵਿਤਾ ਨੂੰ ਯਾਦ ਕਰ ਕੇ ਸੁਣਾਉ \|ਈ ਸਮੱਗਰੀ ਭੇਜਣਾ।<br><br>ਵਿਦਿਆਰਥੀ ਪੁਰਾਤਨ ਅਤੇ ਆਧੁਨਿਕ ਵਿਆਹਾਂ ਦੀ ਤੁਲਨਾ ਕਰ ਕੇ ਆਪਣੇ ਸ਼ਬਦਾਂ ਵਿੱਚ ਲਿਖਣਗੇ \|<br><br>ਵਿਦਿਆਰਥੀਆਂ ਪੈਰੇ ਵਿੱਚੋਂ ਯੋਜਕ ਸ਼ਬਦ ਚੁਣਨਗੇ। | ਵਿਦਿਆਰਥੀ ਵਿਰਾਸਤ-ਏ -ਖ਼ਾਲਸਾ ਦੇਖਣ ਜਾਣ ਲਈ ਉਤਸ਼ਾਹਿਤ ਹੋਣਗੇ ਅਤੇ ਜੇਕਰ ਕੋਈ ਵਿਰਾਸਤ-ਏ -ਖ਼ਾਲਸਾ ਵੇਖ ਕੇ ਆਇਆ ਹੈ ਤਾਂ ਉਹ ਇਸ ਬਾਰੇ ਜਮਾਤ ਵਿੱਚ ਆਪਣੇ ਵਿਚਾਰ ਦੱਸੇਗਾ \|<br><br>ਵਿਦਿਆਰਥੀ ਇਸ ਤਰ੍ਹਾਂ ਦੇ ਹੋਰ ਤਮਾਸ਼ੇ ਵੇਖਣ ਲਈ ਉਤਸ਼ਾਹਿਤ ਹੋਣਗੇ ਅਤੇ ਜੇਕਰ ਕਿਸੇ ਵਿਦਿਆਰਥੀ ਨੇ ਕੋਈ ਤਮਾਸ਼ਾ ਪਹਿਲਾਂ ਵੇਖਿਆ ਹੈ ਤਾਂ ਉਹ ਆਪਣਾ ਅਨੁਭਵ ਸਾਂਝਾ ਕਰੇਗਾ \|<br><br>ਵਿਦਿਆਰਥੀ ਅੱਖੀਂ ਡਿੱਠੀ ਜਾਗੋ ਦੀ ਰਸਮ ਬਾਰੇ ਜਮਾਤ ਵਿੱਚ ਚਰਚਾ ਕਰਨਗੇ \|<br><br>ਯੋਜਕ ਚੁਣਨ ਦੇ ਯੋਗ ਹੋਣਗੇ। ਨਵੇਂ ਵਾਕ ਬਣਾ ਸਕਣਗੇ। |

| | | | | |
|---|---|---|---|---|
| | ਕਿਸਮਾਂ<br><br>ਲੇਖ -ਸਾਡਾ ਪੰਜਾਬ ,ਤੁਹਾਡਾ ਮਿੱਤਰ /ਸਹੇਲੀ ਛੇਵੀਂ ਜਮਾਤ ਵਿੱਚੋਂ ਅੱਵਲ ਰਹਿ ਕੇ ਪਾਸ ਹੋ ਗਿਆ ਹੈ,ਉਸ ਨੂੰ ਵਧਾਈ ਪੱਤਰ ਲਿਖੋ \|<br><br>ਸਪਤਾਹਿਕ ਪੇਪਰ | ਦੀ ਸਹਾਇਤਾ ਨਾਲ ਯੋਜਕ ਦੀਆਂ ਕਿਸਮਾਂ ਬਾਰੇ ਸਮਝਾਇਆ ਜਾਵੇਗਾ।<br>ਵਿਦਿਆਰਥੀ ਨੂੰ ਲੇਖ ਅਰਜ਼ੀਆਂ ਲਿਖਣ ਦੇ ਸਹੀ ਢਾਂਚੇ ਬਾਰੇ ਜਾਣਕਾਰੀ ਦਿੱਤੀ ਜਾਵੇਗੀ ਅਤੇ ਉਹਨਾਂ ਦੇ ਸ਼ਬਦ ਭੰਡਾਰ ਵਿੱਚ ਵਾਧਾ ਕੀਤਾ ਜਾਵੇਗਾ \|<br><br>ਵਿਦਿਆਰਥੀਆਂ ਦਾ ਸਪਤਾਹਿਕ ਪੇਪਰ ਹੇਠ ਲਿਖੇ ਸਿਲੇਬਸ ਹੇਠ ਲਿਖੇ ਸਿਲੇਬਸ ਵਿੱਚੋਂ ਲਿਆ ਜਾਵੇਗਾ :-<br>ਪਾਠ :- 18,19,20, ਅਗੇਤਰ ,ਪਿਛੇਤਰ, ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ, ਚਾਚਾਜੀ ਨੂੰ ਤੋਹਫ਼ੇ ਲਈ ਧੰਨਵਾਦ ਪੱਤਰ ਲਿਖੋ \| | | ਵਿਦਿਆਰਥੀ ਆਪਣੇ ਮਿੱਤਰ /ਸਹੇਲੀ ਨੂੰ ਚਿੱਠੀ ਲਿਖਣ ਵਿੱਚ ਦਿਲਚਸਪੀ ਲੈਣਗੇ ਅਤੇ ਪੰਜਾਬੀ ਭਾਸ਼ਾ ਦੀ ਵਿਆਕਰਨ ਦੇ ਨਿਯਮਾਂ ਦਾ ਗਿਆਨ ਹਾਸਲ ਕਰਨਗੇ \|<br><br>ਵਿਦਿਆਰਥੀ ਸਪਤਾਹਿਕ ਪੇਪਰ ਦਾ ਸਿਲੇਬਸ ਯਾਦ ਕਰਕੇ ਪੇਪਰ ਦੇਣਗੇ। |

| Name of the Month | Lesson/Poem/Grammar/ Writing task | Pedagogical process | Activities done | Learning outcome |
|---|---|---|---|---|
| ਜਨਵਰੀ | ਪਾਠ -25 ਕਿਰਤ ਦਾ ਸਤਿਕਾਰ<br><br>ਲੇਖ -ਬਸੰਤ ਰੁੱਤ | ਵਿਦਿਆਰਥੀਆਂ ਨੂੰ ਅਲੱਗ – ਅਲੱਗ ਪਾਤਰਾਂ ਦੀ ਭੂਮਿਕਾ ਦਿੱਤੀ ਜਾਵੇਗੀ ਅਤੇ ਵਿਦਿਆਰਥੀਆਂ ਤੋਂ ਇਸ ਪਾਠ ਦੀ ਨਾਟ -ਰਚਨਾ ਦਾ ਮੰਚਨ ਕਰਵਾਇਆ ਜਾਵੇਗਾ \| | ਵਿਦਿਆਰਥੀ ਨਾਟ -ਰਚਨਾ ਦਾ ਮੰਚਨ ਕਰਨਗੇ \| | ਵਿਦਿਆਰਥੀ ਨਾਟ -ਰਚਨਾ ਦੇ ਮੰਚਨ ਦੀ ਪੇਸ਼ਕਾਰੀ ਤੋਂ ਜਾਣੂ ਹੋ ਜਾਣਗੇ ਅਤੇ ਨਾਲ਼ ਹੀ ਹੱਥੀ ਕਿਰਤ ਕਰਨ ਵਾਲਿਆਂ ਦਾ ਆਦਰ ਅਤੇ ਸਤਿਕਾਰ ਕਰਨਗੇ \| |
| ਫਰਬਰੀ | ਦੁਹਰਾਈ | ਵਿਦਿਆਰਥੀਆਂ ਨੂੰ ਸਲਾਨਾ ਪਰੀਖਿਆ ਦੇ ਵਿੱਚ ਆਉਣ ਵਾਲ਼ੇ ਸਾਰੇ ਸਿਲੇਬਸ(ਅਕਤੂਬਰ ਤੋਂ ਜਨਵਰੀ )ਦੀ ਦੁਹਰਾਈ ਕਰਵਾਈ ਜਾਵੇਗੀ \| | ਲਿਖਤੀ ਅਭਿਆਸ ਕਰਨਗੇ। | ਵਿਦਿਆਰਥੀ ਸਲਾਨਾ ਪਰੀਖਿਆ ਵਿੱਚ ਆਉਣ ਵਾਲ਼ਾ ਸਾਰਾ ਸਿਲੇਬਸ ਯਾਦ ਕਰਨਗੇ ਅਤੇ ਲਿਖਤੀ ਟੈਸਟ ਦੇਣਗੇ \| |
| ਮਾਰਚ | ਸਲਾਨਾ ਪਰੀਖਿਆ | ਵਿਦਿਆਰਥੀ ਸਲਾਨਾ ਪਰੀਖਿਆ ਲਈ ਹੇਠ ਲਿਖਿਆ ਸਿਲੇਬਸ ਯਾਦ ਕਰਨਗੇ :-<br>ਪਾਠ :- 18,19,20,21,23,24,25<br>ਵਿਆਕਰਨ :- ਅਕਤੂਬਰ ਤੋਂ ਜਨਵਰੀ ਤੱਕ | ਲਿਖਤੀ ਅਭਿਆਸ ਕਰਨਗੇ। | ਵਿਦਿਆਰਥੀ ਸਲਾਨਾ ਪਰੀਖਿਆ ਦਾ ਸਾਰਾ ਸਿਲੇਬਸ ਯਾਦ ਕਰ ਕੇ ਪੇਪਰ ਦੇਣਗੇ \| |

# NANKANA SAHIB PUBLIC SCHOOL, GILL PARK LUDHIANA

**Class: 8 Term: II Subject: ਪੰਜਾਬੀ Teacher Name: ਹਰਜਿੰਦਰ ਕੌਰ**

| Name of the Month | Lesson/Poem/Grammar/ Writing task | Pedagogical process | Activitiesdone | Learning outcome |
|---|---|---|---|---|
| ਅਕਤੂਬਰ | ਪਾਠ -15 ਰਬਿੰਦਰ ਨਾਥ ਟੈਗੋਰ | ਗੁਰੂਦੇਵ ਰਬਿੰਦਰ ਨਾਥ ਟੈਗੋਰ ਦੇ ਜੀਵਨ ਤੇ ਚਾਨਣਾ ਪਾਇਆ ਜਾਵੇਗਾ। ਬੱਚਿਆਂ ਨੂੰ ਦੱਸਿਆ ਜਾਵੇਗਾ ਕਿ ਸਵੇਰ ਦੀ ਸਭਾ ਵਿੱਚ ਗਾਇਆ ਜਾਣ ਵਾਲਾ ਗਾਨ ਰਬਿੰਦਰ ਨਾਥ ਟੈਗੋਰ ਨੇ ਲਿਖਿਆ ਹੈ ਉਹਨਾਂ ਨੇ ਕੁਦਰਤ ਦੇ ਅੰਗ ਸੰਗ ਰਹਿ ਕੇ ਵਿਦਿਆ ਪ੍ਰਾਪਤ ਕੀਤੀ। ਉਹਨਾਂ ਦੀਆਂ ਕਵਿਤਾਵਾਂ ਦੀ ਪੁਸਤਕ ਗੀਤਾਂਜਲੀ ਨੂੰ ਪੁਰਸਕਾਰ ਮਿਲਿਆ। ਉਹਨਾਂ ਨੇ ਸ਼ਾਂਤੀ ਨਿਕੇਤਨ ਪਾਠ ਸ਼ਾਲਾ ਬਣਾਈ ਤਾਂ ਕਿ ਬੱਚੇ ਖੁੱਲ੍ਹੇ ਡੁੱਲੇ ਵਾਤਾਵਰਨ ਵਿੱਚ ਰਹਿ ਕੇ ਵਿੱਦਿਆ ਹਾਸਲ ਕਰਨ। | ਔਖੇ ਸ਼ਬਦਾਂ ਦੇ ਅਰਥ ਸੁਣੇ ਜਾਣਗੇ। ਵਿਦਿਆਰਥੀਆਂ ਨੂੰ ਰਾਸ਼ਟਰੀ ਗੀਤ ਲਿਖਣ ਲਈ ਕਿਹਾ ਜਾਵੇਗਾ। | ਵਿਦਿਆਰਥੀਆਂ ਨੂੰ ਖੁੱਲ੍ਹੇ -ਡੁੱਲੇ ਵਾਤਾਵਰਨ ਵਿਚ ਪੜ੍ਹਨ ਕਰਕੇ ਸਰੀਰਕ ਤੇ ਮਾਨਸਿਕ ਤੌਰ `ਤੇ ਰਿਸ਼ਟ-ਪੁਸ਼ਟ ਰਹਿਣ ਦੀ ਸਿੱਖਿਆ ਮਿਲੇਗੀ। |
| | ਪਾਠ- 16 ਗੁਲਾਬ ਦੀ ਫਸਲ | ਇਸ ਪਾਠ ਵਿੱਚ ਬੱਚਿਆਂ ਨੂੰ ਦੱਸਿਆ ਜਾਵੇਗਾ ਕਿ ਮੁਗਲਾਂ ਨੇ ਸਿੱਖਾਂ ਉਤੇ ਬਹੁਤ ਜ਼ੁਲਮ ਕੀਤੇ। ਸਾਡੇ ਪੰਜਵੇਂ ਗੁਰੂ, ਨੌਵੇਂ ਗੁਰੂ , ਛੋਟੇ ਅਤੇ ਵੱਡੇ ਸਾਹਿਬਜ਼ਾਦਿਆਂ ਅਤੇ ਹੋਰ ਸ਼ਹੀਦਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਮੁਗਲਾਂ ਨੇ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਪਰ ਸਿੱਖ ਖਤਮ ਨਹੀਂ ਹੋਏ ਸਗੋਂ ਗੁਲਾਬ ਦੀ ਫਸਲ ਵਾਂਗ ਵਧੇ ਫੁੱਲੇ। | ਵਿਦਿਆਰਥੀਆਂ ਤੋਂ ਸਿੱਖ ਗੁਰੂਆਂ ਦੇ ਨਾਮ ਪੁੱਛੇ ਜਾਣਗੇ ਅਤੇ ਸ਼ਹੀਦੀ ਪ੍ਰਾਪਤ ਕਰਨ ਵਾਲੇ ਗੁਰੂ ਸਾਹਿਬਾਨਾਂ ਦੇ ਨਾਮ ਲਿਖਣ ਲਈ ਕਿਹਾ ਜਾਵੇਗਾ। | ਵਿਦਿਆਰਥੀ ਸਾਡੀ ਬਹਾਦਰ ਕੌਮ ਬਾਰੇ ਜਾਣ ਸਕਣਗੇ। |
| | ਪਾਠ -17 ਲੋਹੜੀ | ਵਿਦਿਆਰਥੀਆਂ ਨੂੰ ਦੱਸਿਆ ਜਾਵੇਗਾ ਕਿ ਪਹਿਲਾ ਲੋਕ ਪੁੱਤਰ ਦੇ ਪੈਦਾ ਹੋਣ ਦੀ ਖੁਸ਼ੀ ਵਿੱਚ ਲੋਹੜੀ ਦਾ ਤਿਉਹਾਰ ਮਨਾਉਂਦੇ ਸਨ। ਪਰ ਹੁਣ ਸਮਾਜ ਦੀ ਸੋਚ ਬਦਲ ਗਈ ਹੈ ਹੁਣ ਉਹ ਪੁੱਤਰਾਂ ਦੇ ਨਾਲ ਨਾਲ ਧੀਆਂ ਦੀ ਲੋਹੜੀ ਮਨਾਉਣ ਲੱਗ ਪਏ ਹਨ। ਪਿੰਡਾਂ ਅਤੇ ਸ਼ਹਿਰਾਂ ਵਿੱਚ ਲੋਹੜੀ ਕਿਵੇਂ ਮਨਾਈ ਜਾਂਦੀ ਹੈ? ਬਾਰੇ ਦੱਸਿਆ ਜਾਵੇਗਾ। | ਲੋਹੜੀ ਦੇ ਤਿਉਹਾਰ ਤੇ ਗਾਇਆ ਜਾਣ ਵਾਲਾ ਬਾਲ ਗੀਤ ਸੁਣਾਉਣਗੇ। | ਬੱਚਿਆਂ ਨੂੰ ਅੱਜ - ਕੱਲ੍ਹ ਮੁੰਡਿਆਂ ਅਤੇ ਕੁੜੀਆਂ ਦੇ ਬਰਾਬਰ ਹੋਣ ਅਤੇ ਲੋਹੜੀ ਦੇ ਤਿਉਹਾਰ ਬਾਰੇ ਜਾਣ ਸਕਣਗੇ। |
| | | ਵਿਦਿਆਰਥੀਆਂ ਨੂੰ ਅਣਡਿੱਠੀ ਕਾਵਿ -ਟੁਕੜੀ ਕਰਵਾਈ ਜਾਵੇਗੀ। ਉਹ ਕਾਵਿ ਟੋਟਾ ਜੋ ਪਾਠ ਕ੍ਰਮ ਵਿੱਚ ਨਿਰਧਾਰਤ ਪੁਸਤਕਾਂ ਤੋਂ ਬਾਹਰ ਹੋਵੇਗਾ। ਇਹ ਕਾਵਿ ਟੋਟਾ ਵਿਦਿਆਰਥੀਆਂ ਦੀ ਯੋਗਤਾ ਨੂੰ ਪਰਖਣ ਲਈ ਦਿੱਤਾ ਜਾਵੇਗਾ। | | |

| | | | | |
|---|---|---|---|---|
| | ਅਣਡਿੱਠੀ ਕਾਵਿ -ਟੁਕੜੀ<br><br>ਵਿਆਕਰਨ ਭਾਗ<br>ਮੁਹਾਵਰੇ(31-45) ,ਬਹੁ-ਅਰਥਕ ਸ਼ਬਦ(pg.no.89,90) ,ਅਗੇਤਰ(pg.no.80,81), ਪਿਛੇਤਰ(pg.no.82,83)<br><br>ਲੇਖ- ਪੜ੍ਹਾਈ ਤੇ ਖੇਡਾਂ<br><br>ਸਪਤਾਹਿਕ ਪੇਪਰ:-ਪਾਠ - 15,16, 17,ਬਹੁ-ਅਰਥਕ ਸ਼ਬਦ,ਅਗੇਤਰ | ਵਿਆਕਰਨ ਦੇ ਨਿਯਮਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ ਜੋ ਭਾਸ਼ਾ ਨੂੰ ਸ਼ੁੱਧ ਅਤੇ ਮਿਆਰੀ ਰੂਪ ਧਾਰਨ ਕਰਨ ਵਿੱਚ ਮਦਦ ਕਰਦੇ ਹਨ।ਵਿਦਿਆਰਥੀਆਂ ਨੂੰ ਵਿਆਕਰਨ ਦੇ ਵੱਖ ਵੱਖ ਰੂਪਾਂ ਦਾ ਅਭਿਆਸ ਕਰਵਾਇਆ ਜਾਵੇਗਾ।<br>ਵਿਦਿਆਰਥੀਆਂ ਨੂੰ ਇਹ ਦੱਸਿਆ ਜਾਵੇਗਾ ਕਿ ਅਗੇਤਰ ਸ਼ਬਦ ਰਚਨਾ ਦਾ ਇੱਕ ਹਿੱਸਾ ਹਨ ਜੋ ਮੂਲ ਸ਼ਬਦਾਂ ਦੇ ਅੱਗੇ ਲੱਗ ਕੇ ਨਵੇਂ ਸ਼ਬਦਾਂ ਦੀ ਰਚਨਾ ਕਰਦੇ ਹਨ। ਪਿਛੇਤਰ ,ਜੋ ਮੂਲ ਸ਼ਬਦਾਂ ਦੇ ਪਿੱਛੇ ਲੱਗ ਕੇ ਨਵੇਂ ਸ਼ਬਦਾਂ ਦੀ ਰਚਨਾ ਕਰਦੇ ਹਨ।<br><br>ਵਿਦਿਆਰਥੀਆਂ ਦੀ ਖੇਡਾਂ ਵਿੱਚ ਦਿਲਚਸਪੀ ਪੁੱਛਦੇ ਹੋਏ,ਬੱਚਿਆਂ ਨੂੰ ਉਨ੍ਹਾਂ ਦੇ ਜੀਵਨ ਵਿੱਚ ਪੜ੍ਹਾਈ ਦੇ ਨਾਲ-ਨਾਲ ਖੇਡਾਂ ਦੇ ਮਹੱਤਵ ਬਾਰੇ ਸਮਝਾਇਆ ਜਾਵੇਗਾ।<br>ਸਪਤਾਹਿਕ ਪੇਪਰ ਦੀ ਦੁਹਰਾਈ ਕਰਵਾਈ ਜਾਵੇਗੀ। | ਅਣਡਿੱਠੇ ਕਾਵਿ – ਟੋਟੇ ਲਿਖ ਕੇ ਪ੍ਰਸ਼ਨਾਂ ਦੇ ਉੱਤਰ ਲਿਖ ਸਕਣਗੇ।<br><br>ਮੁਹਾਵਰਿਆਂ ਦੀ ਵਰਗ ਪਹੇਲੀ ਕਰਵਾਈ ਜਾਵੇਗੀ। ਅਗੇਤਰ, ਪਿਛੇਤਰ ਲੱਗੇ ਸ਼ਬਦਾਂ ਦੀ ਪਛਾਣ ਕਰ ਸਕਣਗੇ।<br><br>ਲੋਕ ਖੇਡਾਂ ਦੀਆਂ ਤਸਵੀਰਾਂ ਲਗਾ ਕੇ ਨਾਮ ਲਿਖਣ ਬਾਰੇ ਕਿਹਾ ਜਾਵੇਗਾ। | ਵਿਦਿਆਰਥੀ ਕਾਵਿ -ਟੁਕੜੀ ਵਿਚੋਂ ਪ੍ਰਸ਼ਨਾਂ ਦੇ ਉੱਤਰ ਲੱਭ ਕੇ ਲਿਖਣ ਯੋਗ ਹੋਣਗੇ।<br><br>ਵਿਆਕਰਨ ਦੇ ਨਿਯਮਾਂ ਰਾਹੀਂ ਵਿਦਿਆਰਥੀਆਂ ਨੂੰ ਭਾਸ਼ਾ ਦੇ ਸ਼ੁੱਧ ਰੂਪ ਦਾ ਗਿਆਨ ਹੋਵੇਗਾ ।<br><br>ਵਿਦਿਆਰਥੀ ਅਗੇਤਰ -ਪਿਛੇਤਰ ਲਗਾ ਕੇ ਨਵੇਂ ਸ਼ਬਦ ਬਣਾਉਣ ਦਾ ਅਭਿਆਸ ਕਰਨਗੇ।<br><br>ਵਿਦਿਆਰਥੀ ਮਨਪਸੰਦ ਖੇਡ ਬਾਰੇ ਲਿਖਣਗੇ।<br><br>ਬੱਚੇ ਸਪਤਾਹਿਕ ਪੇਪਰ ਦੀ ਤਿਆਰੀ ਕਰਨਗੇ। |

| | | | | |
|---|---|---|---|---|
| ਨਵੰਬਰ | ਪਾਠ -18 ਹਾਕੀ ਦਾ ਜਾਦੂਗਰ -ਧਿਆਨ ਚੰਦ | ਵਿਦਿਆਰਥੀਆਂ ਨੂੰ ਵਿਸ਼ਵ- ਪ੍ਰਸਿੱਧ ਹਾਕੀ ਖਿਡਾਰੀ ਧਿਆਨ ਚੰਦ ਬਾਰੇ ਦੱਸਿਆ ਜਾਵੇਗਾ। ਵਿਆਨਾ ਸ਼ਹਿਰ ਵਿੱਚ ਉਸਦਾ ਬੁੱਤ ਲੱਗਿਆ ਹੋਇਆ ਹੈਜਿਸਨੂੰ ਖੇਡ ਦੇਵਤਾ ਬਣਾ ਕੇ ਸਤਿਕਾਰ ਦਿੱਤਾ ਗਿਆ ਹੈ। ਇਸ ਨੇ ਪੂਰੀ ਮਿਹਨਤ ਕਰਕੇ ਪੂਰੇ ਵਿਸ਼ਵ ਵਿੱਚ ਭਾਰਤ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ। ਬੱਚਿਆਂ ਵਿੱਚ ਖੇਡਾਂ ਪ੍ਰਤੀ ਸ਼ੌਕ ਪੈਦਾ ਕੀਤਾ ਜਾਵੇਗਾ । ਟੀ.ਵੀ. ਅਤੇ ਮੋਬਾਈਲ ਫੋਨਾਂ ਦੇ ਨੁਕਸਾਨ ਦੱਸੇ ਜਾਣਗੇ। | ਹੋਰ ਹਾਕੀ ਖਿਡਾਰੀ ਬਾਰੇ ਲਿਖਣ ਦੇ। | ਵਿਦਿਆਰਥੀ ਖਿਡਾਰੀ ਬਾਰੇ ਲਿਖ ਉਨ੍ਹਾਂ ਵਿਚ ਖੇਡਣ ਤੇ ਲਿਖਣ ਦੀ ਰੁਚੀ ਪੈਦਾ ਹੋਵੇਗੀ। |
| | ਪਾਠ- 19 ਅੰਮੜੀ ਦਾ ਵਿਹੜਾ | ਬਚਪਨ ਵਿੱਚ ਖੇਡੀਆਂ ਜਾਣ ਵਾਲੀਆਂ ਖੇਡਾਂ ਦਾ ਪੂਰਵ ਗਿਆਨ ਪ੍ਰਾਪਤ ਕਰਨ ਤੋਂ ਬਾਅਦ ਇਸ ਕਵਿਤਾ ਰਾਹੀਂ ਦੱਸਿਆ ਜਾਵੇਗਾ ਕਿ ਬਚਪਨ ਵਿੱਚ ਬਹੁਤ ਮੌਜਾਂ ਹੁੰਦੀਆਂ ਹਨ। ਕੋਈ ਫਿਕਰ ਨਹੀਂ ਹੁੰਦਾ। ਕੁੜੀਆਂ ਵਿਆਹ ਤੋਂ ਬਾਅਦ ਆਪਣੇ ਸੋਹਰੇ ਘਰ ਚੱਲੀਆਂ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ ਮਾਂ ਬਾਪ ਦੇ ਘਰ ਬਤੀਤ ਕੀਤੇ ਪਲ ਬਹੁਤ ਯਾਦ ਆਉਂਦੇ ਹਨ। ਅੰਮੜੀ ਦੇ ਵਿਹੜੇ ਵਿੱਚ ਖੇਡੀਆਂ ਖੇਡਾਂ ਯਾਦ ਆਉਂਦੀਆਂ ਹਨ। ਜੋ ਹੁਣ ਇੱਕ ਕਹਾਣੀ ਬਣ ਕੇ ਰਹਿ ਗਈਆਂ ਹਨ। ਬੱਚਿਆਂ ਨੂੰ ਉਨ੍ਹਾਂ ਦੇ ਬਚਪਨ ਦੀ ਮਹੱਤਤਾ ਬਾਰੇ ਦੱਸਿਆ ਜਾਵੇਗਾ। | ਬੱਚੇ ਦਿਲਚਸਪੀ ਲੈਂਦੇ ਹੋਏ ਬਚਪਨ ਦੀਆਂ ਖੇਡਾਂ ਦੀ ਸੂਚੀ ਬਣਾਉਣਗੇ। | ਵਿਦਿਆਰਥੀ ਬਚਪਨ ਦੀਆਂ ਖੇਡਾਂ ਦੇ ਨਾਂ ਲਿਖਣਗੇ ਅਤੇ ਆਪਣੇ ਬਚਪਨ ਦੀ ਘਟਨਾ ਨੂੰ ਯਾਦ ਕਰਨਗੇ। |
| | ਪਾਠ- 20 ਛੱਲੀਆਂ ਦੇ ਰਾਖੇ | ਇਸ ਪਾਠ ਵਿੱਚ ਵਿਦਿਆਰਥੀਆਂ ਨੂੰ ਭਾਰਤ ਦੀਆਂ ਪ੍ਰਸਿੱਧ ਫਸਲਾਂ ਬਾਰੇ ਦੱਸਿਆ ਜਾਵੇਗਾ। ਕਿਸਾਨ ਆਪਣੀ ਫਸਲਾਂ ਦੀ ਰਾਖੀ ਕਿਵੇਂ ਕਰਦੇ ਹਨ ਉਹ ਪਸ਼ੂਆਂ ਅਤੇ ਪੰਛੀਆਂ ਤੋਂ ਆਪਣੀ ਫਸਲ ਨੂੰ ਕਿਵੇਂ ਬਚਾਉਂਦੇ ਹਨ ਬਾਰੇ ਦੱਸਿਆ ਜਾਵੇਗਾ। ਅੱਜ-ਕੱਲ ਕਿਸਾਨਾਂ ਦੀਆਂ ਖੁਦਕੁਸ਼ੀਆਂ ਕਰਨ ਬਾਰੇ ਬੱਚਿਆਂ ਨੂੰ ਦੱਸਿਆ ਜਾਵੇਗਾ ਮੀਂਹ ਪੈਣ ਦੇ ਲਾਭ ਅਤੇ ਨੁਕਸਾਨ ਬਾਰੇ ਦੱਸਿਆ ਜਾਵੇਗਾ। | ਹਾੜੀ ਅਤੇ ਸਾਉਣੀ ਦੀਆਂ ਫਸਲਾਂ ਦੇ ਨਾਂ ਲਿਖਣਗੇ। | ਬੱਚੇ ਹਾੜੀ ਅਤੇ ਸਾਉਣੀ ਦੀਆਂ ਫਸਲਾਂ ਬਾਰੇ ਜਾਣਕਾਰੀ ਹਾਸਲ ਕਰਨਗੇ। |

| | | | | |
|---|---|---|---|---|
| | ਵਿਆਕਰਨ ਭਾਗ | ਵਿਦਿਆਰਥੀਆਂ ਨੂੰ ਪੰਜਾਬੀ ਦੇ ਪ੍ਰਮਾਣਕ ਰੂਪ ਤੋਂ ਜਾਣੂ ਕਰਵਾਉਣ ਅਤੇ ਉਸਦੀ ਠੀਕ ਵਰਤੋਂ ਦੇ ਸਮਰੱਥ ਬਣਾਉਣ ਲਈ ਵਿਆਕਰਨ ਦਾ ਗਿਆਨ ਅਤੇ ਰਚਨਾ ਦੇ ਵੱਖ- ਵੱਖ ਰੂਪਾਂ ਦਾ ਅਭਿਆਸ ਕਰਵਾਇਆ ਜਾਵੇਗਾ।<br>ਬੱਚਿਆਂ ਨੂੰ ਸਮਝਾਇਆ ਜਾਵੇਗਾ ਕਿ ਇੱਕ ਦੂਜੇ ਦੇ ਉਲਟ ਅਰਥ ਰੱਖਣ ਵਾਲੇ ਸ਼ਬਦ ਵਿਰੋਧੀ ਸ਼ਬਦ ਹੁੰਦੇ ਹਨ। | ਵਿਰੋਧੀ ਸ਼ਬਦਾਂ ਨਾਲ ਸੰਬੰਧਿਤ ਰੋਜ਼ਾਨਾ ਵਰਤੇ ਜਾਣ ਵਾਲੇ ਸ਼ਬਦਾਂ ਦੀ ਗਤੀਵਿਧੀ ਕਰਵਾਈ ਜਾਵੇਗੀ। | ਵਿਦਿਆਰਥੀਆਂ ਵਿੱਚ ਅਜਿਹੇ ਸ਼ਬਦਾਂ ਬਾਰੇ ਜਾਣਕਾਰੀ ਹਾਸਲ ਕਰਨ ਨਾਲ ਉਹਨਾਂ ਦੇ ਸ਼ਬਦ ਗਿਆਨ ਵਿੱਚ ਵਾਧਾ ਹੁੰਦਾ ਹੈ। |
| | ਵਿਰੋਧੀ ਸ਼ਬਦ (pg. no.86), | ਬੱਚਿਆਂ ਨੂੰ ਜੋੜਨੀ ਵਾਲੇ ਸ਼ਬਦ ਪੁੱਛ ਕੇ ਸਮਾਸੀ ਸ਼ਬਦਾਂ ਬਾਰੇ ਦੱਸਿਆ ਜਾਵੇਗਾ ਕਿ ਸਮਾਸ ਦਾ ਅਰਥ ਹੈ ਜੁੜਨਾ ਜਾਂ ਸੰਖੇਪ ਕਰਨਾ, ਸਮਾਸੀ ਸ਼ਬਦ ਦੋ ਜਾਂ ਦੋ ਤੋਂ ਵੱਧ ਸਾਰਥਕਤਾ ਦੇ ਮੇਲ ਨਾਲ ਬਣੇ ਹੁੰਦੇ ਹਨ। ਅਤੇ ਇਹਨਾਂ ਦੇ ਵਿਚਕਾਰ ਜੋੜਨੀ ਦੀ ਵਰਤੋਂ ਕੀਤੀ ਜਾਂਦੀ ਹੈ। | ਪਾਠ ਪੁਸਤਕ ਦੇ ਕਿਸੇ ਵੀ ਪਾਠ ਵਿੱਚੋਂ ਸਮਾਸੀ ਸ਼ਬਦ ਲੱਭ ਕੇ ਲਿਖ ਸਕਣਗੇ। | ਵਿਦਿਆਰਥੀ ਸਮਾਸੀ ਸ਼ਬਦ ਗਿਆਨ ਪ੍ਰਾਪਤ ਕਰ ਸਕਣਗੇ। |
| | ਸਮਾਸੀ ਸ਼ਬਦ (pg. no. 79 ਦੂਜੀ ਸਤਰ ), | ਵਿਦਿਆਰਥੀਆਂ ਨੂੰ ਦੱਸਿਆ ਜਾਵੇਗਾ ਕਿ ਖੁਸ਼ੀ,ਗਮੀ,ਹੈਰਾਨੀ, ਭੈਅ, ਪ੍ਰਸ਼ੰਸਾ ਆਦਿ ਭਾਵਾਂ ਦੇ ਪ੍ਰਗਟਾਵੇ ਵਾਲੇ ਸ਼ਬਦਾਂ ਨੂੰ ਵਿਸਮਿਕ ਕਿਹਾ ਜਾਂਦਾ ਹੈ | ਵੱਖ – ਵੱਖ ਭਾਵ ਪ੍ਰਗਟਾਉਂਦੇ ਚਿਹਰੇ ਸ਼ਬਦਾਂ ਨਾਲ ਕਾਪੀ ਤੇ ਚਿਪਕਾਉਣਾ। | ਵਿਦਿਆਰਥੀ ਵਿਸਮਿਕ ਦੀ ਪਰਿਭਾਸ਼ਾ ਤੇ ਕਿਸਮਾਂ ਦੀ ਜਾਣਕਾਰੀ ਪ੍ਰਾਪਤ ਕਰ ਸਕਣਗੇ। |
| | ਵਿਸਮਿਕ ਦੀ ਪਰਿਭਾਸ਼ਾ ਅਤੇ ਕਿਸਮਾਂ ਉਦਾਹਰਨ ਸਹਿਤ | ਵਿਦਿਆਰਥੀਆਂ ਨੂੰ ਪੁਰਾਤਨ ਸਮੇਂ ਵਿੱਚ ਚਿੱਠੀਆਂ, ਪੱਤਰ ਦੀ ਮਹੱਤਤਾ ਬਾਰੇ ਦੱਸਿਆ ਜਾਵੇਗਾ। ਉਹਨਾਂ ਨੂੰ ਚਿੱਠੀ ਪੱਤਰ ਲਿਖਣ ਦੇ ਢਾਂਚੇ ਬਾਰੇ ਅਤੇ ਕਿਸਮਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। | ਨੁਕਤਿਆਂ ਦੀ ਸਹਾਇਤਾ ਨਾਲ ਪੱਤਰ ਲਿਖਣਾ। | ਵਿਦਿਆਰਥੀਆਂ ਵਿਚ ਆਪਣੇ ਰਿਸ਼ਤੇਦਾਰਾਂ ਨੂੰ ਚਿੱਠੀ ਲਿਖਣ ਲਈ ਦਿਲਚਸਪੀ ਪੈਦਾ ਹੋਵੇਗੀ। |
| | | ਵਿਦਿਆਰਥੀ ਮੋਬਾਈਲ ਫੋਨ ਦੀ ਵਰਤੋ ਦੇ ਲਾਭ ਅਤੇ ਹਾਨੀਆਂ ਦੇ ਬਾਰੇ ਆਪਣੇ ਵਿਚਾਰ ਲਿਖਣਗੇ। | | ਵਿਦਿਆਰਥੀਆਂ ਵਿੱਚ ਚੰਗਾ ਲੇਖ ਲਿਖਣ ਦੀ ਯੋਗਤਾ ਅਤੇ ਪੜ੍ਹਨ ਕੌਸ਼ਲ ਦਾ ਵਿਕਾਸ ਹੋਵੇਗਾ। |

| | | | | |
|---|---|---|---|---|
| | ਚਿੱਠੀ -ਪੱਤਰ :-ਆਪਣੇ ਕਿਸੇ ਮਿੱਤਰ ਜਾਂ ਸਹੇਲੀ ਨੂੰ ਆਪਣੇ ਭੈਣ ਦੇ ਵਿਆਹ 'ਤੇ ਬੁਲਾਉਣ ਲਈ ਪੱਤਰ ਲਿਖੋ।<br><br>ਲੇਖ :-ਮੋਬਾਇਲ ਫੋਨ ਦੇ ਲਾਭ ਅਤੇ ਹਾਨੀਆਂ<br><br>ਸਪਤਾਹਿਕ ਪੇਪਰ:-ਪਾਠ - 18,19, 20,ਅਗੇਤਰ, ਪਿਛੇਤਰ, ਵਿਰੋਧੀ ਸ਼ਬਦ ,ਸਮਾਸੀ ਸ਼ਬਦ, ਪੱਤਰ | ਸਪਤਾਹਿਕ ਪੇਪਰ ਦੀ ਦੁਹਰਾਈ ਕਰਵਾਈ ਜਾਵੇਗੀ। | ਤੁਸੀਂ ਮੋਬਾਈਲ ਫੋਨ ਦੀ ਸਹੀ ਵਰਤੋ ਕਿਸ ਤਰਾਂ ਕਰਦੇ ਹੋ ਬਾਰੇ ਕੁਝ ਸਤਰਾਂ ਆਪਣੇ ਸ਼ਬਦਾਂ ਵਿੱਚ ਲਿਖੋ। | ਬੱਚੇ ਸਪਤਾਹਿਕ ਪੇਪਰ ਦੀ ਤਿਆਰੀ ਕਰ ਸਕਣਗੇ। |
| ਦਸੰਬਰ | ਪਾਠ -21 ਗਿਆਨ ਵਿਗਿਆਨ ਤੇ ਮਨੋਰੰਜਨ ਦਾ ਅਨੋਖਾ ਸੰਗਮ- ਸਾਇੰਸ ਸਿਟੀ<br><br>ਪਾਠ -22 ਸ਼ਿਵ ਸਿੰਘ: ਬੁੱਤ- ਘਾੜਾ<br><br>ਪਾਠ -23 ਪਿੰਡ ਦੀ ਘੁਲਾੜੀ | ਜਮਾਤ ਵਿੱਚ ਵਿਦਿਆਰਥੀ ਦੀ ਸਾਇੰਸ ਵਿੱਚ ਰੁਚੀ ਬਾਰੇ ਪੁੱਛਣਾ ਤੇ ਪੜ੍ਹਨ ਕੌਸ਼ਲ ਰਾਹੀਂ ਪਾਠ ਪੜ੍ਹਾਉਣਾ,ਸਮਝਾਉਣਾ।ਪ੍ਰਸ਼ਨਾਂ ਦੇ ਉੱਤਰਾਂ ਤੇ ਵਿਚਾਰ ਕਰਨਾ ਤੇ ਲਿਖਣ ਲਈ ਦੇਣਾ।<br><br>ਇਹ ਪਾਠ ਵਿਦਿਆਰਥੀਆਂ ਤੋਂ ਪੜ੍ਹਾਇਆ ਜਾਵੇਗਾ ਬੱਚੇ ਆਪਣੀ ਸੂਝ-ਬੂਝ ਨਾਲ ਪ੍ਰਸ਼ਨਾਂ ਦੇ ਉੱਤਰ ਲਿਖਣਗੇ ਇਸ ਤਰ੍ਹਾਂ ਕਰਨ ਨਾਲ ਵਿਦਿਆਰਥੀਆਂ ਵਿੱਚ ਪੜ੍ਹਨ ਸੁਣਨ ਅਤੇ ਲਿਖਣ ਦੀ ਸਮਰੱਥਾ ਵਧੇਗੀ।<br><br>ਪੰਜਾਬੀ ਸੱਭਿਆਚਾਰ ਨਾਲ ਸਬੰਧਤ ਸੰਦਾ ਦੀ ਜਾਣਕਾਰੀ ਦਿੱਤੀ ਜਾਵੇਗੀ ਬੱਚਿਆਂ ਨੂੰ ਗੰਨਾ ਪੀੜਨ ਵਾਲਾ ਯੰਤਰ ਬਾਰੇ ਦੱਸਿਆ ਜਾਵੇਗਾ। ਕਿਸਾਨ ਕੁਲਹਾੜੀ ਨਾਲ ਕਿਵੇਂ ਗੁੜ ਤਿਆਰ ਕਰਦੇ ਹਨ ਜਾਣਕਾਰੀ ਦਿੱਤੀ ਜਾਵੇਗੀ। ਪੰਜਾਬੀ ਦੇ ਸ਼ਬਦ ਚੱਕ ਪਾਥਾ,ਪੇਸੀ , ਭੇਲੀ ਆਦਿ ਸ਼ਬਦਾਂ ਦੇ ਮਤਲਬ ਸਮਝਾਏ ਜਾਣਗੇ।<br><br>ਵਿਦਿਆਰਥੀਆਂ ਨੂੰ ਪਿੰਡਾਂ ਵਾਲੇ ਲੋਕਾਂ ਦੀਆਂ ਖੁਰਾਕਾਂ ਬਾਰੇ ਦੱਸਿਆ ਜਾਵੇਗਾ। ਉਨ੍ਹਾਂ ਦੇ ਕੰਮ ਕਰਨ ਨਾਲ ਹਜ਼ਮ ਵੀ ਹੋ ਜਾਂਦਾ ਹੈ। ਇਸ ਪਾਠ ਵਿੱਚ ਭੂਆ ਆਪਣੇ ਭਤੀਜੇ ਦੀ ਬਹੁਤ ਸੇਵਾ ਕਰਦੀ ਹੈ ਸ਼ਹਿਰ | ਖੁੱਲੀ ਕਿਤਾਬ ਪਰੀਖਿਆ ਲਈ ਜਾਵੇਗੀ।<br><br>ਵਿਦਿਆਰਥੀਆਂ ਨੂੰ ਪਾਠ ਵਿੱਚੋਂ ਹੋਰ ਪ੍ਰਸ਼ਨ ਬਣਾਉਣਗੇ।<br><br>ਪੰਜਾਬੀ ਸੱਭਿਆਚਾਰ ਨਾਲ ਸਬੰਧਤ ਚੀਜ਼ਾਂ ਦਾ ਪ੍ਰੋਜੈਕਟ ਤਿਆਰ ਕਰੋ।<br><br>ਵਿਦਿਆਰਥੀ ਕੋਈ ਮੋਹ - ਭਿੱਜੀ ਘਟਨਾ ਬਾਰੇ ਲਿਖਣਗੇ। | ਵਿਦਿਆਰਥੀ ਪਾਠ ਨੂੰ ਰੋਚਕਤਾ ਨਾਲ ਪੜ੍ਹ ਕੇ ਪਾਠਾਂ ਵਿਚੋਂ ਪ੍ਰਸ਼ਨਾਂ ਦੇ ਉੱਤਰ ਲੱਭ ਕੇ ਲਿਖਣਗੇ।<br><br>ਵਿਦਿਆਰਥੀਆਂ ਵਿੱਚ ਪੜ੍ਹਨ ਦੀ ਦਿਲਚਸਪੀ ਪੈਦਾ ਹੋਵੇਗੀ।<br><br>ਵਿਦਿਆਰਥੀ ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਵਿਰਸੇ ਨਾਲ ਜੁੜਣਗੇ। |

| | | | | |
|---|---|---|---|---|
| | ਪਾਠ -24 ਭੂਆ<br><br>ਪਾਠ -25 ਰੱਬ ਦੀ ਪੌੜੀ<br><br>ਵਿਆਕਰਨ ਭਾਗ<br>ਸਬੰਧਕ ਦੀ ਪਰਿਭਾਸ਼ਾ ਤੇ ਕਿਸਮਾਂ<br><br>ਲੇਖ -ਪ੍ਰਦੂਸ਼ਣ<br><br>ਪੱਤਰ -ਆਪਣੀ ਛੋਟੀ ਭੈਣ ਨੂੰ ਬੇਲੋੜੇ ਫੈਸ਼ਨਾਂ ਤੋਂ ਵਰਜਦਿਆਂ ਪੜ੍ਹਾਈ ਵੱਲ ਵਧੇਰੇ ਧਿਆਨ ਦੇਣ ਲਈ ਚਿੱਠੀ ਲਿਖੋ। | ਵਿੱਚ ਰਹਿਣ ਵਾਲੇ ਲੋਕ ਸਾਦਾ ਭੋਜਨ ਖਾਂਦੇ ਹਨ ਭਾਰੀ ਖੁਰਾਕ ਹਜ਼ਮ ਨਹੀਂ ਹੁੰਦੀ ਇਸ ਬਾਰੇ ਦੱਸਿਆ ਜਾਵੇਗਾ।<br><br>ਵਿਦਿਆਰਥੀਆਂ ਨੂੰ ਨਿਊਯਾਰਕ ਦੀ ਐਮਪਾਇਰ ਸਟੇਟ ਬਿਲਡਿੰਗ ਬਾਰੇ ਦੱਸਿਆ ਜਾਵੇਗਾ। ਉਹਨਾਂ ਨੂੰ ਪੜਾਉਣ ਸਮੇਂ ਇਹ ਅਹਿਸਾਸ ਕਰਵਾਇਆ ਜਾਵੇਗਾ ਕਿ ਅਸੀਂ ਨਿਊਯਾਰਕ ਘੁੰਮ ਕੇ ਦੇਖ ਰਹੇ ਹਾਂ ।ਨਿਊਯਾਰਕ ਅਤੇ ਸਟੋਰ ਕਰਮਚਾਰੀਆਂ ਦੇ ਵਤੀਰੇ ਬਾਰੇ ਦੱਸਿਆ ਜਾਵੇਗਾ ।ਸਟੇਟ ਬਿਲਡਿੰਗ ਦੁਨੀਆਂ ਦੀ ਸਭ ਤੋਂ ਉੱਚੀ ਬਿਲਡਿੰਗ ਹੈ ਬਾਰੇ ਦੱਸਿਆ ਜਾਵੇਗਾ।<br>ਵਿਦਿਆਰਥੀਆਂ ਨੂੰ ਦੱਸਿਆ ਜਾਵੇਗਾ ਕਿ ਨਾਂਵ ਅਤੇ ਪੜਨਾਂਵ ਦਾ ਇੱਕ ਦੂਜੇ ਨਾਲ ਅਤੇ ਹੋਰ ਸ਼ਬਦਾਂ ਨਾਲ ਸਬੰਧ ਦੱਸਣ ਵਾਲੇ ਸ਼ਬਦ ਸਬੰਧਕ ਅਖਵਾਉਂਦੇ ਹਨ।<br><br>ਵਿਦਿਆਰਥੀਆਂ ਨੂੰ ਪ੍ਰਦੂਸ਼ਣ ਦੇ ਹੋਣ ਦੇ ਕਾਰਨ ਅਤੇ ਉਹਨਾਂ ਤੋਂ ਬਚਾਅ ਬਾਰੇ ਕੀ ਉਪਾਅ ਕਰਨੇ ਚਾਹੀਦੇ ਹਨ ਬਾਰੇ ਦੱਸਿਆ ਜਾਵੇਗਾ।<br><br>ਵਿਦਿਆਰਥੀਆਂ ਨੂੰ ਪੁਰਾਤਨ ਸਮੇਂ ਵਿੱਚ ਚਿੱਠੀਆਂ, ਪੱਤਰ ਦੀ ਮਹੱਤਤਾ ਬਾਰੇ ਦੱਸਿਆ ਜਾਵੇਗਾ। ਉਹਨਾਂ ਨੂੰ ਚਿੱਠੀ ਪੱਤਰ ਲਿਖਣ ਦੇ ਢਾਂਚੇ ਬਾਰੇ ਅਤੇ ਕਿਸਮਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। | ਬੱਚੇ ਉਨ੍ਹਾਂ ਵੱਲੋਂ ਕੀਤੀ ਗਈ ਯਾਤਰਾ ਬਾਰੇ ਲਿਖਣਗੇ।<br><br>ਦਿੱਤੇ ਗਏ ਵਾਕਾਂ ਵਿੱਚੋਂ ਸੰਬੰਧਕ ਚੁਣਨਗੇ।<br><br>ਨੁਕਤਿਆਂ ਦੀ ਵਰਤੋਂ ਕਰਕੇ ਲੇਖ ਲਿਖਣਗੇ।<br><br>ਬੱਚੇ ਰੁਚੀ ਪੂਰਵਕ ਆਪ ਪੱਤਰ ਲਿਖਣਗੇ। | ਵਿਦਿਆਰਥੀ ਚੰਗੀ ਖੁਰਾਕ ਬਾਰੇ ਜਾਣ ਸਕਣਗੇ।<br><br>ਬੱਚੇ ਨਿਊਯਾਰਕ ਬਾਰੇ ਜਾਣਕਾਰੀ ਹਾਸਿਲ ਕਰਨਗੇ।<br><br>ਵਿਦਿਆਰਥੀ ਸੰਬੰਧਕ ਦਾ ਅਭਿਆਸ ਕਾਰਜ ਖੁਦ ਹੱਲ ਕਰਨ ਦੇ ਯੋਗ ਹੋ ਜਾਣਗੇ।<br><br>ਵਿਦਿਆਰਥੀਆਂ ਵਿੱਚ ਚੰਗਾ ਲੇਖ ਲਿਖਣ ਦੀ ਯੋਗਤਾ ਅਤੇ ਪੜ੍ਹਨ ਕੌਸ਼ਲ ਦਾ ਵਿਕਾਸ ਹੋਵੇਗਾ।<br><br>ਵਿਦਿਆਰਥੀਆਂ ਵਿਚ ਆਪਣੇ ਰਿਸ਼ਤੇਦਾਰਾਂ ਨੂੰ ਚਿੱਠੀ ਲਿਖਣ ਲਈ ਦਿਲਚਸਪੀ ਪੈਦਾ ਹੋਵੇਗੀ। |

| Name of the Month | Lesson/Poem/Grammar/ Writing task | Pedagogical process | Activitiesdone | Learning outcome |
|---|---|---|---|---|
| ਜਨਵਰੀ | ਪਾਠ -26 ਗੱਗੂ | ਵਿਦਿਆਰਥੀਆਂ ਨੂੰ ਦੱਸਿਆ ਜਾਵੇਗਾ ਕਿ ਘਰ ਵਿੱਚ ਰੱਖੇ ਜਾਨਵਰਾਂ ਨਾਲ ਪਰਿਵਾਰ ਦੇ ਮੈਂਬਰਾਂ ਵਾਂਗ ਪਿਆਰ ਪੈ ਜਾਂਦਾ ਹੈ। ਇਸ ਵਿੱਚ ਲੇਖਕ ਮੱਝ ਦੇ ਕੱਟੇ ਨੂੰ ਆਪਣੇ ਪਰਿਵਾਰ ਦਾ ਮੈਂਬਰ ਅਤੇ ਆਪਣਾ ਦੋਸਤ ਸਮਝਦਾ ਹੈ। ਉਸ ਨੂੰ ਪਿਆਰ ਕਰਦਾ ਹੈ ਉਸਦੇ ਵੇਚਣ ਨਾਲ ਉਸਨੂੰ ਬੜਾ ਦੁੱਖ ਲੱਗਦਾ ਹੈ। ਬੱਚਿਆਂ ਨੂੰ ਦੱਸਿਆ ਜਾਵੇਗਾ ਕਿ ਜਾਨਵਰਾਂ ਵਿੱਚ ਵੀ ਸਾਡੇ ਵਾਂਗ ਜਾਨ ਹੁੰਦੀ ਹੈ ਉਹਨਾਂ ਨੂੰ ਵੀ ਦੁੱਖ ਲੱਗਦਾ ਹੈ। | ਆਪਣੇ ਪਾਲਤੂ ਜਾਨਵਰ ਦੀ ਤਸਵੀਰ ਲਗਾ ਕੇ ਉਸ ਬਾਰੇ ਕੁੱਝ ਸਤਰਾਂ ਲਿਖਣਗੇ। | ਬੱਚਿਆਂ ਵਿੱਚ ਜਾਨਵਰਾਂ ਪ੍ਰਤੀ ਪਿਆਰ ਵਧੇਗਾ ਉਹ ਜਾਨਵਰਾਂ ਨੂੰ ਦੁੱਖ ਨਹੀਂ ਦੇਣਗੇ। |
| | ਪਾਠ -27 ਵੱਡੇ ਭੈਣ ਜੀ | ਵਿਦਿਆਰਥੀਆਂ ਉਹਨਾਂ ਦੇ ਅਧਿਆਪਕ ਦੇ ਗੁਣਾਂ ਬਾਰੇ ਪੁੱਛਿਆ ਜਾਵੇਗਾ। ਜਿਹੜਾ ਸਮੇਂ ਦਾ ਪਾਬੰਦ ਹੋਵੇਗਾ, ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਚੰਗੀ ਗੱਲਾਂ ਦੀ ਸਿੱਖਿਆ ਵੀ ਦੇਵੇਗਾ ਇਹ ਜਮਾਤ ਵਿੱਚ ਨਾਟਕ ਖੇਡਿਆ ਜਾਵੇਗਾ ਬੱਚੇ ਵੱਖ-ਵੱਖ ਪਾਤਰ ਬਣ ਕੇ ਆਪਣੀ ਭੂਮਿਕਾ ਨਿਭਾਉਣਗੇ। | ਆਪਣੇ ਮਨਪਸੰਦ ਅਧਿਆਪਕ ਦੇ ਗੁਣ ਲਿਖ ਸਕਣਗੇ। | ਬੱਚਿਆਂ ਨੂੰ ਪੰਜਾਬੀ ਦੇ ਨਾਟਕ ਰੂਪ ਬਾਰੇ ਜਾਣਕਾਰੀ ਹੋਵੇਗੀ ਬੱਚਿਆਂ ਵਿੱਚ ਸਟੇਜ ਤੇ ਬੋਲਣ ਦੀ ਭਾਵਨਾ ਪੈਦਾ ਹੋਵੇਗੀ ਉਹਨਾਂ ਵਿੱਚ ਆਤਮ ਵਿਸ਼ਵਾਸ ਵਧੇਗਾ। |
| | ਵਿਆਕਰਨ ਭਾਗ<br>ਲੇਖ -ਪਾਣੀ ਦੀ ਮਹੱਤਤਾ, ਮੇਰੇ ਜੀਵਨ ਦਾ ਉਦੇਸ਼ | ਪਾਣੀ ਦੀ ਮਹੱਤਤਾ ਲੇਖ ਵਿਦਿਆਰਥੀ ਪਾਣੀ ਦੇ ਆਪਣੇ ਜੀਵਨ ਵਿੱਚ ਮਹੱਤਵ ਬਾਰੇ ਲਿਖਣਗੇ ਪਾਣੀ ਨੂੰ ਕਿਸ ਤਰਾਂ ਬਚਾਇਆ ਜਾ ਸਕਦਾ ਹੈ ਅਤੇ ਇਹਦੀ ਸਹੀ ਵਰਤੋਂ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ ਆਦਿ ਬਾਰੇ ਲਿਖਣਗੇ।<br>ਮੇਰੇ ਜੀਵਨ ਦਾ ਉਦੇਸ਼ ਲੇਖ ਰਾਹੀ ਵਿਦਿਆਰਥੀ ਆਪਣੇ ਜੀਵਨ ਵਿੱਚ ਕੀ ਬਣਨਾ ਚਾਹੁੰਦੇ ਹਨ ਉਸਨੂੰ ਆਪਣੇ ਸ਼ਬਦਾਂ ਵਿੱਚ ਲਿਖਣਗੇ। | ਨੁਕਤਿਆਂ ਦੀ ਵਰਤੋਂ ਕਰਕੇ ਲੇਖ ਲਿਖਣਾ।<br>ਆਪਣੇ ਜੀਵਨ ਦਾ ਉਦੇਸ਼ ਦੱਸਣਗੇ। | ਵਿਦਿਆਰਥੀ ਪਾਣੀ ਦੀ ਮਹੱਤਤਾ ਅਤੇ ਆਪਣੇ ਜੀਵਨ ਦੇ ਉਦੇਸ਼ ਉੱਤੇ ਖ਼ਾਸ ਤਰਤੀਬ ਦੇ ਕੇ ਆਪਣੇ ਵਿਚਾਰ ਲਿਖਣ ਯੋਗ ਹੋਣਗੇ। |
| | ਪੱਤਰ:- ਆਪਣੇ ਚਾਚਾ ਜੀ ਨੂੰ ਇੱਕ ਪੱਤਰ ਲਿਖੋ | ਵਿਦਿਆਰਥੀਆਂ ਨੂੰ ਆਪਣੇ ਤੋਂ ਵੱਡਿਆਂ ਨੂੰ ਚਿੱਠੀ ਲਿਖਣੀ ਸਮਝਾਈ ਜਾਵੇਗੀ। | ਵਿਦਿਆਰਥੀ ਚਿੱਠੀ ਲਿਖਣਗੇ। | ਵਿਦਿਆਰਥੀਆਂ ਨੂੰ ਆਪਣੇ ਰਿਸ਼ਤੇਦਾਰਾਂ ਨੂੰ ਚਿੱਠੀ ਲਿਖਣ ਦੀ ਜਾਚ ਆ ਜਾਵੇਗੀ। |

| | | | | |
|---|---|---|---|---|
| | ਜਿਸ ਵਿੱਚ ਉਨ੍ਹਾਂ ਨੇ ਜੋ ਤੁਹਾਡੇ ਜਨਮ ਦਿਨ ਤੇ ਤੋਹਫ਼ਾ ਭੇਜਿਆ ਹੈ, ਉਸਦਾ ਧੰਨਵਾਦ ਕਰੋ \| | | | |
| ਫਰਵਰੀ | ਅਣਡਿੱਠਾ ਪੈਰ੍ਹਾ, ਅਣਡਿੱਠੀ ਕਾਵਿ -ਟੁਕੜੀ,<br><br>ਤਸਵੀਰ ਵਰਨਣ<br><br>ਦੁਹਰਾਈ | ਵਿਦਿਆਰਥੀਆਂ ਨੂੰ ਅਣਡਿੱਠਾ ਪੈਰ੍ਹਾ ,ਅਣਡਿੱਠੀ ਕਾਵਿ -ਟੁਕੜੀ ਕਰਵਾਈ ਜਾਵੇਗੀ। ਉਹ ਕਾਵਿ ਟੋਟਾ ਅਤੇ ਪੈਰ੍ਹਾ ਜੋ ਪਾਠ ਕ੍ਰਮ ਵਿੱਚ ਨਿਰਧਾਰਤ ਪੁਸਤਕਾਂ ਤੋਂ ਬਾਹਰ ਹੋਵੇਗਾ। ਇਹ ਕਾਵਿ ਟੋਟਾ ਅਤੇ ਪੈਰ੍ਹਾ ਵਿਦਿਆਰਥੀਆਂ ਦੀ ਯੋਗਤਾ ਨੂੰ ਪਰਖਣ ਲਈ ਦਿੱਤਾ ਜਾਵੇਗਾ।<br><br>ਵਿਦਿਆਰਥੀਆਂ ਨੂੰ ਤਸਵੀਰ ਦੇਖ ਕੇ ਉਸ ਬਾਰੇ ਕਿਸ ਤਰਾਂ ਲਿਖਿਆ ਜਾਂਦਾ ਹੈ ਬਾਰੇ ਦੱਸਿਆ ਜਾਵੇਗਾ।<br><br>ਸਲਾਨਾ ਪਰੀਖਿਆ ਦੀ ਦੁਹਰਾਈ ਕਰਵਾਈ ਜਾਵੇਗੀ। | ਅਭਿਆਸ ਕਾਰਜ ਕਰਵਾਇਆ ਜਾਵੇਗਾ।<br><br>ਵਿਦਿਆਰਥੀ ਤਸਵੀਰ ਵਰਨਣ ਕਰਨਗੇ। | ਵਿਦਿਆਰਥੀ ਪੈਰ੍ਹਾ ਅਤੇ ਕਾਵਿ -ਟੁਕੜੀ ਵਿਚੋਂ ਪ੍ਰਸ਼ਨਾਂ ਦੇ ਉੱਤਰ ਲੱਭ ਕੇ ਲਿਖ ਸਕਣਗੇ।<br><br>ਉਹ ਤਸਵੀਰ ਵਰਨਣ ਕਰਨ ਯੋਗ ਹੋਣਗੇ।<br><br>ਵਿਦਿਆਰਥੀ ਸਾਲਾਨਾ ਪਰੀਖਿਆ ਦੀ ਤਿਆਰੀ ਕਰਨਗੇ। |
| ਮਾਰਚ | | ਪਾਠ 19,20, 23,24, 25 26,27<br>ਵਿਆਕਰਨ ਅਕਤੂਬਰ ਤੋਂ ਜਨਵਰੀ ਤੱਕ ਵਿੱਚੋਂ ਸਲਾਨਾ ਪੇਪਰ ਲਿਆ ਜਾਵੇਗਾ | ਦੁਹਰਾਈ ਕਰਨਗੇ। | ਬੱਚੇ ਸਲਾਨਾ ਪਰੀਖਿਆ ਦੇਣਗੇ। |

# NANKANA SAHIB PUBLIC SCHOOL, GILL PARK LUDHIANA

**Class 9 Term II Subject Punjabi Teacher Name - Ms Gurpreet Kaur**

| Name of the Month | Lesson/Poem/Grammar/ Writing task | Pedagogical process | Activities done | Learning outcome |
|---|---|---|---|---|
| October | ਕਵਿਤਾ:<br>ਨਵੀਂ ਪੁਰਾਣੀ ਤਹਿਜ਼ੀਬ<br>(ਵਿਧਾਤਾ ਸਿੰਘ ਤੀਰ) | ਇਸ ਕਵਿਤਾ ਰਾਹੀਂ ਨਵੀਂ ਸੱਭਿਅਤਾ ਅਤੇ ਪੁਰਾਣੀ ਸੱਭਿਅਤਾ ਦੇ ਵਿੱਚ ਅੰਤਰ ਦੱਸਣਾ ਅਤੇ ਦਿਨ ਪ੍ਰਤੀ ਦਿਨ ਅਲੋਪ ਹੋ ਰਹੀਆਂ ਨੈਤਿਕ ਕਦਰਾਂ ਕੀਮਤਾਂ ਬਾਰੇ ਚਰਚਾ ਕਰਨਾ।<br>ਇਹ ਕਵਿਤਾ ਅਧਿਆਪਕ ਦੁਆਰਾ ਪੜਾਉਣ ਤੋਂ ਬਾਅਦ ਔਖੇ ਸ਼ਬਦਾਂ ਦੇ ਅਰਥ ਬੱਚਿਆਂ ਨੂੰ ਸਮਝਾਏ ਗਏ ਜਿਸ ਨਾਲ ਸੁਣਨ ਕੌਸ਼ਲ ਵਿਕਸਿਤ ਹੋਵੇਗਾ। | ਬੱਚਿਆਂ ਤੋਂ ਨਵੀਂ ਸੱਭਿਅਤਾ ਅਤੇ ਪੁਰਾਣੀ ਸੱਭਿਅਤਾ ਦੇ ਚੰਗੇ ਮਾੜੇ ਪਹਿਲੂਆਂ ਬਾਰੇ ਪ੍ਰੋਜੈਕਟ ਤਿਆਰ ਕਰਵਾਉਣਾ। | ਵਿਦਿਆਰਥੀ ਆਪਣੇ ਪੁਰਾਣੇ ਸੱਭਿਆਚਾਰ ਅਤੇ ਨਵੇਂ ਸੱਭਿਆਚਾਰ ਵਿੱਚ ਆਏ ਫਰਕ ਨੂੰ ਸਮਝਣ ਯੋਗ ਹੋ ਸਕਣਗੇ। |
| | ਲੇਖ( ਵਿਚਾਰ ਪ੍ਰਧਾਨ ਅਤੇ ਆਮ ਵਿਸ਼ੇ) | ਵੱਖ-ਵੱਖ ਵਿਸ਼ਿਆਂ ਸਬੰਧੀ ਗਿਆਨ ਦੇਣਾ।<br>ਬੱਚਿਆਂ ਨੂੰ ਕੁਝ ਨੁਕਤੇ ਲੇਖ ਲਿਖਣ ਲਈ ਪ੍ਰੇਰਿਤ ਕੀਤਾ ਗਿਆ ਜਿਸ ਨਾਲ ਉਨ੍ਹਾਂ ਦੇ ਸ਼ਬਦ ਭੰਡਾਰ ਵਿੱਚ ਵਾਧਾ ਅਤੇ ਲਿਖਣ ਕੌਸ਼ਲ ਵਿਕਸਿਤ ਹੋਵੇਗਾ। | ਨੁਕਤੇ ਲਿਖਵਾ ਕੇ ਸਬੰਧਿਤ ਵਿਸ਼ੇ ਬਾਰੇ ਵਿਸਥਾਰ ਸਹਿਤ ਲਿਖਣਾ। | ਵਿਆਕਰਨਿਕ ਨਿਯਮਾਂ ਦੀ ਜਾਣਕਾਰੀ ਪ੍ਰਾਪਤ ਕਰਨ ਤੋਂ ਬਾਅਦ ਵਿਦਿਆਰਥੀ ਲੇਖ ਲਿਖਣ ਯੋਗ ਹੋ ਸਕਣਗੇ। |
| | ਵਾਰਤਕ:<br>ਖੁਸ਼ੀਆਂ ਆਪੇ ਨਹੀਂ ਆਉਂਦੀਆਂ | ਵਿਦਿਆਰਥੀਆਂ ਨੂੰ ਜ਼ਿੰਦਗੀ ਵਿਚ ਖੁਸ਼ੀ ਦੀ ਮਹੱਤਤਾ ਬਾਰੇ ਦੱਸਣਾ ਅਤੇ ਖੁਸ਼ੀ ਪ੍ਰਾਪਤ ਕਰਨ ਦੇ ਵੱਖ ਵੱਖ ਢੰਗਾਂ ਬਾਰੇ ਚਾਨਣਾ ਪਾਉਣਾ।<br>ਇਹ ਪਾਠ ਬੱਚਿਆਂ ਤੋਂ ਪੜ੍ਹਾ ਕੇ ਪ੍ਰਸ਼ਨ ਉੱਤਰ ਪੁੱਛਣ ਨਾਲ ਪੜ੍ਹਨ ਅਤੇ ਬੋਲਣ ਕੌਸ਼ਲ ਵਿਕਸਿਤ ਹੋਵੇਗਾ। | ਖੁਸ਼ੀ ਪ੍ਰਾਪਤ ਕਰਨ ਦੇ ਵੱਖ-ਵੱਖ ਢੰਗਾਂ ਬਾਰੇ ਨਿੱਜੀ ਵਿਚਾਰ ਸਾਂਝੇ ਕਰਨੇ। | ਵਿਦਿਆਰਥੀ ਜ਼ਿੰਦਗੀ ਵਿੱਚ ਖੁਸ਼ੀ ਦੇ ਮਹੱਤਵ ਨੂੰ ਸਮਝਦੇ ਹੋਏ ਖੁਸ਼ੀ ਪ੍ਰਾਪਤ ਕਰਨ ਦੇ ਵੱਖ-ਵੱਖ ਢੰਗਾਂ ਨੂੰਆਪਣੀ ਜ਼ਿੰਦਗੀ ਵਿਚ ਅਪਣਾਉਣ ਯੋਗ ਹੋ ਸਕਣਗੇ। |

| | | | | |
|---|---|---|---|---|
| November | ਵਾਰਤਕ:<br>ਬੇਬੇ ਜੀ | ਵਿਦਿਆਰਥੀਆਂ ਨੂੰ ਜ਼ਿੰਦਗੀ ਵਿਚ ਮਾਤਾ ਪਿਤਾ ਦੀ ਅਹਿਮੀਅਤ ਬਾਰੇ ਚਾਨਣਾ ਪਾਉਣਾ ਅਤੇ ਆਪਣੇ ਨਿੱਜੀ ਵਿਚਾਰ ਵੀ ਸਾਂਝੇ ਕਰਨੇ।<br>ਇਸ ਵਿੱਚ ਆਗਮਨ ਅਤੇ ਨਿਗਮਨ ਵਿਧੀ ਦਾ ਪ੍ਰਯੋਗ ਕਰਨਾ। | ਬੱਚਿਆਂ ਦਾ ਮਾਤਾ ਪਿਤਾ ਪ੍ਰਤੀ ਫਰਜ਼ਾਂ ਦੱਸਣਾ। | ਵਿਦਿਆਰਥੀ ਮਾਤਾ-ਪਿਤਾ ਦੀ ਜ਼ਿੰਦਗੀ ਵਿੱਚ ਅਹਿਮੀਅਤ ਨੂੰ ਸਮਝਦੇ ਹੋਏ ਆਪਣੇ ਫ਼ਰਜ਼ਾਂ ਪ੍ਰਤੀ ਵੀ ਸੁਚੇਤ ਹੋਣਗੇ। |
| | ਪੱਤਰ:<br>ਬਿਨੈ ਪੱਤਰ ਅਤੇ ਨਿੱਜੀ ਪੱਤਰ | ਬਿਨੈ ਪੱਤਰ ਅਤੇ ਨਿੱਜੀ ਪੱਤਰ ਬਾਰੇ ਗਿਆਨ ਦੇਣਾ। ਬਲੈਕ ਬੋਰਡ ਦੀ ਸਹਾਇਤਾ ਨਾਲ ਸਮਝਾਉਣਾ।<br>ਬੱਚਿਆਂ ਨੂੰ ਪੱਤਰ ਦੇ ਸ਼ੁਰੂ ਅਤੇ ਅੰਤ ਬਾਰੇ ਗਿਆਨ ਦੇ ਕੇ ਪੱਤਰ ਲਿਖਵਾਉਣਾ। | ਵਿਦਿਆਰਥੀਆਂ ਦੁਆਰਾ ਪੱਤਰ ਲਿਖਣਾ। | ਵਿਦਿਆਰਥੀ ਵਿਆਕਰਨਿਕ ਨਿਯਮਾਂ ਦੀ ਜਾਣਕਾਰੀ ਪ੍ਰਾਪਤ ਕਰਨ ਤੋਂ ਬਾਅਦ ਪੱਤਰ ਲਿਖਣ ਯੋਗ ਹੋ ਸਕਣਗੇ। |
| | ਕਹਾਣੀ:<br>ਬੱਸ ਕੰਡਕਟਰ | ਪਾਕਿਸਤਾਨ ਵੰਡ ਸਮੇਂ ਲੋਕਾਂ ਨਾਲ ਹੋਈ ਦੁਰਗਤੀ ਬਾਰੇ ਦੱਸਣਾ ਅਤੇ ਉਹਨਾਂ ਦੀ ਮਨੋਦਸ਼ਾ ਬਿਆਨ ਕਰਨਾ।<br>ਬੱਚਿਆਂ ਤੋਂ ਕਹਾਣੀ ਪੜ੍ਹਾਉਣਾ ਅਤੇ ਔਖੇ ਸ਼ਬਦਾਂ ਦੇ ਅਰਥਾਂ ਦੱਸ ਕੇ ਪ੍ਰਸ਼ਨਾਂ ਦੇ ਉੱਤਰ ਪੁੱਛਣਾ। | ਪਾਕਿਸਤਾਨ ਵੰਡ ਸਮੇਂ ਕਿਸੇ ਵੀ ਬਜ਼ੁਰਗ ਦੀ ਦੁੱਖ ਭਰੀ ਕਹਾਣੀ ਲਿਖਣ ਲਈ ਕਹਿਣਾ। | ਵਿਦਿਆਰਥੀ ਇਸ ਪਾਠ ਦੇ ਆਧਾਰ ਤੇ ਵੱਖ-ਵੱਖ ਪ੍ਰਕਾਰ ਦੀ ਮਨੋਦਸ਼ਾ ਵਾਲੇ ਲੋਕਾਂ ਨੂੰ ਸਮਝਣ ਯੋਗ ਹੋ ਸਕਣਗੇ। |
| December | ਕਵਿਤਾ:<br>ਮਾਤਾ ਗੁਜਰੀ ਜੀ | ਵਿਦਿਆਰਥੀਆਂ ਨੂੰ ਮਾਤਾ ਗੁਜਰੀ ਜੀ ਦੇ ਜੀਵਨ ਅਤੇ ਸਿੱਖੀ ਸਿਦਕ ਵਿੱਚ ਰਹਿ ਕੇ ਦਿੱਤੀਆਂ ਕੁਰਬਾਨੀਆਂ ਬਾਰੇ ਦੱਸਣਾ।<br>ਵਿਆਖਿਆਤਮਕ ਵਿਧੀ ਦੁਆਰਾ ਕਵਿਤਾ ਪੜ੍ਹ ਕੇ ਉਸਦੇ ਭਾਵ ਅਰਥ ਸਪੱਸ਼ਟ ਕੀਤੇ ਜਾਣਗੇ। | ਪਾਠ ਨਾਲ ਸੰਬੰਧਿਤ ਔਖੇ ਸ਼ਬਦਾਂ ਦੇ ਅਰਥ ਪੁੱਛਣਾ ਅਤੇ ਮਾਤਾ ਗੁਜਰੀ ਜੀ ਦਾ ਸਿੱਖ ਧਰਮ ਲਈ ਯੋਗਦਾਨ ਬਾਰੇ ਬੋਲ ਕੇ ਦੱਸਣਾ। | ਵਿਦਿਆਰਥੀ ਮਾਤਾ ਗੁਜਰੀ ਜੀ ਦੇ ਜੀਵਨ ਬਾਰੇ ਜਾਣਨ ਯੋਗ ਹੋ ਸਕਣਗੇ। |

| | | | | |
|---|---|---|---|---|
| | ਇਕਾਂਗੀ:<br>ਸਿਰਜਣਾ | ਵਿਦਿਆਰਥੀਆਂ ਨੂੰ ਭਰੂਣ ਹੱਤਿਆ ਸਬੰਧੀ ਜਾਣਕਾਰੀ ਪ੍ਰਦਾਨ ਕਰਨੀ।<br>ਬੱਚਿਆਂ ਨੇ ਇਸ ਇਕਾਂਗੀ ਨੂੰ ਨਾਟਕੀ ਵਿਧੀ ਵਿੱਚ ਪੜ੍ਹਨੀ ਤੇ ਆਪਣੇ - ਆਪਣੇ ਪਾਤਰ ਦੀ ਉਸਾਰੀ ਕਰਨਾ। | ਭਰੂਣ ਹੱਤਿਆ ਦੀ ਰੋਕਥਾਮ ਲਈ ਚਾਰਟ ਬਣਵਾਉਣਾ। | ਵਿਦਿਆਰਥੀ ਪਾਠ ਨੂੰ ਸਮਝਦੇ ਹੋਏ ਇਸ ਅਪਰਾਧ ਬਾਰੇ ਚੰਗੀ ਤਰ੍ਹਾਂ ਸਮਝਣਯੋਗ ਹੋਣਗੇ । |
| January and February | Revision of full syllabus | Preboard examination<br>ਸਾਲਾਨਾ ਸਿਲੇਬਸ ਦੀ ਦੁਹਰਾਈ ਕਰਨਗੇ। | ਅਭਿਆਸ ਕਾਰਜ ਦੁਆਰਾ ਦੁਹਰਾਈ ਕਰਨਗੇ। | ਵਿਦਿਆਰਥੀ ਲਿਖਤੀ ਪਰੀਖਿਆ ਦੇਣ ਯੋਗ ਹੋਣਗੇ। |
| March | | Final examination<br>ਵਿਦਿਆਰਥੀ ਸਾਲਾਨਾ ਪਰੀਖਿਆ ਦੇਣਗੇ। | | |

# NANKANA SAHIB PUBLIC SCHOOL, GILL PARK LUDHIANA

**Class- 10th  Term II  Subject- Punjabi  Teacher Name- Ms Kirandeep kaur Grewal**

| Name of the Month | Lesson/Poem/Grammar/ Writing task | Pedagogical process | Activities done | Learning outcome |
|---|---|---|---|---|
| October | ਕਾਵਿ -ਰਚਨਾ:<br>ਸਤਿਗੁਰ ਨਾਨਕ ਪ੍ਰਗਟਿਆ | ਗੁਰੂ ਨਾਨਕ ਸਾਹਿਬ ਦੇ ਜੀਵਨ ਬਾਰੇ ਚਾਨਣਾ ਪਾਉਂਦੇ ਹੋਏ ਉਹਨਾਂ ਦੀਆਂ ਸਿੱਖਿਆਵਾਂ ਅਤੇ ਉਪਦੇਸ਼ ਬਾਰੇ ਦੱਸਦੇ ਹੋਏ ਸਹੀ ਮਾਰਗ ਤੇ ਚੱਲਣ ਲਈ ਕਹਿਣਾ।<br>ਅਧਿਆਪਕ ਦੁਆਰਾ ਇਹ ਕਾਵਿ ਰਚਨਾ ਵਿਆਖਿਆਤਮਕ ਵਿਧੀ ਰਾਹੀਂ ਪੜ੍ਹਾਉਣ ,ਸਮਝਾਉਣ ਤੋਂ ਬਾਅਦ ਇਸ ਦੇ ਭਾਵ ਅਰਥ ਸਪੱਸ਼ਟ ਕੀਤੇ ਜਾਣਗੇ। | ਗੁਰੂ ਨਾਨਕ ਸਾਹਿਬ ਦੇ ਜੀਵਨ ਬਾਰੇ ਵਿਦਿਆਰਥੀਆਂ ਨੂੰ ਪ੍ਰਸ਼ਨ ਪੁੱਛਣੇ ਅਤੇ ਉਪਦੇਸ਼ ਲਿਖਣਾ। | ਵਿਦਿਆਰਥੀ ਵੱਖ – ਵੱਖ ਸਰੋਤਾਂ ਤੋਂ ਗੁਰੂ ਨਾਨਕ ਸਾਹਿਬ ਜੀ ਨਾਲ ਸੰਬੰਧਿਤ ਜਾਣਕਾਰੀ ਇਕੱਤਰ ਕਰਕੇ ਜਮਾਤ ਨਾਲ ਸਾਂਝੀ ਕਰਨਗੇ। |
| | ਮੁਹਾਵਰੇ: | ਮੁਹਾਵਰਿਆਂ ਦਾ ਅਰਥ ਸਮਝਾ ਕੇ ਵਾਕ ਲਿਖਣ ਯੋਗ ਬਣਾਉਣਾ।<br>ਵਿਦਿਆਰਥੀਆਂ ਨੂੰ ਮੁਹਾਵਰਿਆਂ ਦੇ ਅਰਥ ਸਮਝਾਉਂਦੇ ਹੋਏ ਉਹਨਾਂ ਨੂੰ ਵਾਕ ਲਿਖਣ ਲਈ ਪ੍ਰੇਰਿਤ ਕਰਨਾ ਜਿਸ ਨਾਲ ਉਨ੍ਹਾਂ ਦੇ ਸ਼ਬਦ ਭੰਡਾਰ ਵਿੱਚ ਵਾਧਾ ਹੋਵੇਗਾ। | ਵਿਦਿਆਰਥੀਆਂ ਤੋਂ ਅਧੂਰਾ ਮੁਹਾਵਰਾ ਪੂਰਾ ਕਰਾਉਣਾ ਅਰਥ ਪੁੱਛਣਾ ਤੇ ਵਾਕ ਬਣਾਉਣ ਲਈ ਕਹਿਣਾ।ਵਾਕ ਵਿਚਲੀ ਖਾਲੀ ਥਾਂ ਵਿੱਚ ਢੁਕਵਾਂ ਮੁਹਾਵਰਾ ਲਿਖਣਾ। | ਵਿਦਿਆਰਥੀ ਵਿਆਕਰਨਿਕ ਨਿਯਮਾਂ ਦੀ ਜਾਣਕਾਰੀ ਪ੍ਰਾਪਤ ਕਰਕੇ ਮੁਹਾਵਰੇ ਦਾ ਵਾਕ ਬਣਾਉਣ ਯੋਗ ਹੋਣਗੇ। |
| | ਤਸਵੀਰ ਵਰਣਨ : | ਤਸਵੀਰਾਂ ਦਿਖਾ ਕੇ ਦ੍ਰਿਸ਼ਟੀਕੋਣ ਵਿਧੀ ਰਾਹੀਂ ,ਉਨ੍ਹਾਂ ਦਾ ਮੁੱਖ ਉਦੇਸ਼ ਦੱਸਣਾ ਅਤੇ ਵਿਸਥਾਰ ਸਹਿਤ ਲਿਖਣਾ।<br>ਵਿਦਿਆਰਥੀਆਂ ਨੂੰ ਚਲੰਤ ਮਾਮਲਿਆਂ ਸੰਬੰਧਿਤ ਤਸਵੀਰਾਂ ਦਿਖਾ ਕੇ ਉਨ੍ਹਾਂ ਬਾਰੇ ਲਿਖਣ ਲਈ ਪ੍ਰੇਰਿਤ ਕਰਨਾ। | ਵਿਦਿਆਰਥੀਆਂ ਨੂੰ ਤਸਵੀਰ ਵਰਨਣ ਕਰਨ ਲਈ ਕਹਿਣਾ। | ਵਿਦਿਆਰਥੀ ਤਸਵੀਰਾਂ ਦੇਖ ਕੇ ਉਸ ਬਾਰੇ ਵਿਸਥਾਰ ਸਹਿਤ ਲਿਖਣ ਯੋਗ ਹੋ ਸਕਣਗੇ।। |

| | | | | |
|---|---|---|---|---|
| | ਵਾਰਤਕ :<br>ਮੇਰੇ ਵੱਡੇ-ਵਡੇਰੇ | ਵਿਦਿਆਰਥੀਆਂ ਨੂੰ ਵਰਨਾਤਮਕ ਵਿਧੀ ਰਾਹੀਂ ਪੰਜਾਬ ਦੀ ਪੁਰਾਣੀ ਸੱਭਿਅਤਾ ਦਾ ਵਰਣਨ ਕਰਦੇ ਹੋਏ ਉਸ ਸਮੇ ਦੇ ਲੋਕਾਂ ਦੀ ਚੰਗੀ ਡੀਲ ਡੌਲ, ਖੁੱਲਾ ਖਾਣ-ਪੀਣ ਅਤੇ ਬੇਪਰਵਾਹੇ ਜੀਵਨ ਬਾਰੇ ਜਾਣਕਾਰੀ ਪ੍ਰਦਾਨ ਕਰਨੀ।<br>ਬੱਚਿਆਂ ਤੋਂ ਪਾਠ ਪੜ੍ਹਾਉਣ ਤੋ ਬਾਅਦ ਪ੍ਰਸ਼ਨਾਂ ਦੇ ਉੱਤਰ ਪੁੱਛਣਾ ਅਤੇ ਸ਼ਬਦਾਂ ਦੇ ਅਰਥ ਵੀ ਦੱਸਣਾ। | ਪੁਰਾਣੇ ਸਮੇਂ ਅਤੇ ਨਵੇਂ ਸਮੇਂ ਵਿਚ ਲੋਕਾਂ ਦੇ ਖਾਣ ਪੀਣ ਅਤੇ ਸਿਹਤ ਸਬੰਧੀ ਆਏ ਅੰਤਰ ਬਾਰੇ ਚਰਚਾ ਕਰਨਾ ਤੇ ਲਿਖਣਾ। | ਵਿਦਿਆਰਥੀ ਆਪਣੇ ਵੱਡੇ ਵਡੇਰਿਆਂ ਤੋਂ ਪੁਰਾਣੇ ਸਮੇ ਸਬੰਧੀ ਜਾਣਕਾਰੀ ਪ੍ਰਾਪਤ ਕਰਕੇ ਆਪਣੇ ਸਮੇਂ ਦੇ ਨਾਲ ਤੁਲਨਾ ਕਰਨ ਯੋਗ ਹੋਣਗੇ। |
| November | ਕਹਾਣੀ :<br>ਧਰਤੀ ਹੇਠਲਾ ਬਲਦ<br><br>ਸਪਤਾਹਿਕ ਪਰੀਖਿਆ | ਵਿਦਿਆਰਥੀਆਂ ਨੂੰ ਇੱਕ ਫੌਜੀ ਦੀ ਮੌਤ ਤੋਂ ਬਾਅਦ ਉਸਦੇ ਪਰਿਵਾਰ ਦੇ ਮੁਖੀ ਦੇ ਮਨ ਦੇ ਹਾਲਾਤ ਅਤੇ ਜ਼ਿੰਮੇਵਾਰੀ ਬਾਰੇ ਦੱਸਦੇ ਹੋਏ ਕਿ ਕਿਸ ਤਰਾਂ ਉਹ ਰੱਬ ਦਾ ਭਾਣਾ ਮੰਨਦੇ ਹੋਏ ਆਪਣੀ ਜ਼ਿੰਦਗੀ ਨੂੰ ਅੱਗੇ ਤੋਰਦੇ ਹਨ।।<br>ਕਹਾਣੀ ਪੜ੍ਹਨ ਤੋ ਬਾਅਦ ਬੱਚਿਆਂ ਨੇ ਆਪਣੇ ਨਿੱਜੀ ਵਿਚਾਰ ਸਾਂਝੇ ਕੀਤੇ।<br><br>ਦੁਹਰਾਈ ਅਤੇ ਪਰੀਖਿਆ | ਔਖੇ ਸ਼ਬਦਾਂ ਦੇ ਅਰਥਾਂ ਦੀ ਦੁਹਰਾਈ ਕਰਕੇ ਕਹਾਣੀ ਨੂੰ ਧਿਆਨ ਨਾਲ ਪੜ੍ਹਨਾ।ਕਹਾਣੀ ਵਿਚਲੇ ਪਾਤਰਾਂ ਬਾਰੇ ਲਿਖਣਾ। | ਵਿਦਿਆਰਥੀ ਪਾਠ ਨੂੰ ਧਿਆਨ ਨਾਲ ਸੁਣਦੇ ਅਤੇ ਸਮਝਦੇ ਹੋਏ ਘਰ ਦੇ ਮੁਖੀ ਦੀ ਜ਼ਿੰਮੇਵਾਰੀ ਨੂੰ ਸਮਝਣ ਯੋਗ ਹੋ ਸਕਣਗੇ।। |
| | ਅਗੇਤਰ -ਪਿਛੇਤਰ | ਅਗੇਤਰ -ਪਿਛੇਤਰ ਲਗਾ ਕੇ ਨਵੇਂ ਸ਼ਬਦ ਬਣਾਉਣ ਦੀ ਵਿਧੀ ਨੂੰ ਬਲੈਕ ਬੋਰਡ ਰਾਹੀਂ ਸਮਝਾਉਣਾ।<br>ਬੱਚਿਆਂ ਨੂੰ ਅਗੇਤਰ ਪਿਛੇਤਰ ਦੇ ਕੇ ਨਵੇਂ ਸ਼ਬਦ ਬਣਾਉਣ ਲਈ ਕਹਿਣਾ ਜਿਸ ਨਾਲ ਉਨ੍ਹਾਂ ਦੇ ਸ਼ਬਦ ਭੰਡਾਰ ਵਿੱਚ ਵਾਧਾ ਹੋਵੇਗਾ। | ਸ਼ਬਦਾਂ ਵਿੱਚੋਂ ਅਗੇਤਰ-ਪਿਛੇਤਰ ਅਲੱਗ ਕਰਕੇ ਲਿਖਣਾ ਤਾਂ ਜੋ ਚੰਗੀ ਤਰ੍ਹਾਂ ਸਮਝ ਆ ਸਕੇ। | ਵਿਦਿਆਰਥੀ ਅਗੇਤਰ ਪਿਛੇਤਰ ਬਾਰੇ ਵਿਆਕਰਨਿਕ ਨਿਯਮ ਅਨੁਸਾਰ ਸਹੀ ਸ਼ਬਦ ਬਣਾਉਣ ਯੋਗ ਹੋ ਸਕਣਗੇ।। |

| | | | | |
|---|---|---|---|---|
| | ਵਾਰਤਕ:<br>ਤੁਰਨ ਦਾ ਹੁਨਰ | ਇਸ ਵਿੱਚ ਵਿਦਿਆਰਥੀਆਂ ਨੂੰ ਪੈਦਲ ਤੁਰਨ ਦੇ ਲਾਭ ਦੱਸਦੇ ਹੋਏ ਉਹਨਾਂ ਨੂੰ ਸੈਰ ਕਰਨ ਲਈ ਪ੍ਰੇਰਿਤ ਕਰਨਾ।<br>ਪਾਠ ਨੂੰ ਪੜ੍ਹਾਉਣ ਅਤੇ ਸਮਝਾਉਣ ਉਪਰੰਤ ਪ੍ਰਸ਼ਨਾਂ ਦੇ ਉੱਤਰ ਪੁੱਛਣਾ। | ਖੁੱਲੀ ਕਿਤਾਬ ਪਰੀਖਿਆ ਲਈ ਜਾਵੇਗੀ। | ਬੱਚਿਆਂ ਦੇ ਸਰੀਰ ਨੂੰ ਤੰਦਰੁਸਤ ਕਿਵੇਂ ਰੱਖਿਆ ਜਾਵੇ ਅਤੇ ਬਿਮਾਰੀ ਤੋਂ ਕਿਵੇਂ ਬਚਿਆ ਜਾਵੇ, ਵਿਦਿਆਰਥੀ ਇਸ ਬਾਰੇ ਜਾਣਕਾਰੀ ਪ੍ਰਾਪਤ ਕਰਨਗੇ। |
| | ਬਹੁ-ਅਰਥਕ ਸ਼ਬਦ: | ਸ਼ਬਦਾਂ ਦੇ ਪ੍ਰਕਾਰ ਬਾਰੇ ਦੱਸਣਾ ਅਤੇ ਇੱਕ ਹੀ ਸ਼ਬਦ ਦੇ ਵੱਖ-ਵੱਖ ਅਰਥ ਤੇ ਪ੍ਰਸ਼ਨ ਉੱਤਰ ਵਿਧੀ ਰਾਹੀਂ ਚਰਚਾ ਕਰਨਾ।<br>ਬੱਚਿਆਂ ਨੂੰ ਨਵੇਂ ਸ਼ਬਦ ਦੇ ਕੇ ਉਨ੍ਹਾਂ ਦੇ ਵੱਖ-ਵੱਖ ਅਰਥ ਲਿਖਣ ਨੂੰ ਕਹਿਣਾ ਅਤੇ ਅਰਥ ਦਰਸਾਉਂਦੇ ਵਾਕ ਬਣਾਉਣਾ। | ਵਿਦਿਆਰਥੀਆਂ ਤੋਂ ਇੱਕ ਸ਼ਬਦ ਦੇ ਵੱਖ-ਵੱਖ ਅਰਥ ਪੁੱਛਦੇ ਹੋਏ ਉਹਨਾਂ ਨੂੰ ਵਾਕ ਬਣਾਉਣ ਲਈ ਕਹਿਣਾ। | ਵਿਦਿਆਰਥੀ ਵੱਖ ਵੱਖ ਅਰਥਾਂ ਨੂੰ ਸਮਝਦੇ ਹੋਏ ਵਾਕ ਬਣਾਉਣਗੇ। |
| | ਕਿਰਿਆ ਵਿਸ਼ੇਸ਼ਣ: | ਕਿਰਿਆ ਬਾਰੇ ਪੂਰਵ ਗਿਆਨ ਦਾ ਨਿਰੀਖਣ ਕਰਦੇ ਹੋਏ ,ਕਿਰਿਆ ਦੀ ਵਿਸ਼ੇਸ਼ਤਾ ਸਮਝਾਉਦੇ ਹੋਏ ਕਿਰਿਆ ਵਿਸ਼ੇਸ਼ਣ ਦਾ ਗਿਆਨ ਕਰਵਾਉਣਾ।<br>ਬੱਚਿਆਂ ਨੂੰ ਪਾਠ - ਪੁਸਤਕ ਵਿੱਚੋਂ ਕਿਰਿਆ ਵਿਸ਼ੇਸ਼ਣ ਚੁਣਨ ਲਈ ਕਹਿਣਾ। | ਵਾਕਾਂ ਵਿੱਚੋਂ ਸਹੀ ਕਿਰਿਆ ਵਿਸ਼ੇਸ਼ਣ ਸ਼ਬਦ ਚੁਣ ਕੇ ਕਾਪੀ ਵਿੱਚ ਲਿਖਣ ਲਈ ਕਹਿਣਾ। | ਵਿਦਿਆਰਥੀ ਕਿਰਿਆ ਵਿਸ਼ੇਸ਼ਣ ਸ਼ਬਦਾਂ ਬਾਰੇ ਜਾਣਕਾਰੀ ਹਾਸਲ ਕਰਨਗੇ। |
| December | ਇਕਾਂਗੀ:<br>ਦੂਜਾ ਵਿਆਹ<br><br>Unit test | ਇਸ ਵਿੱਚ ਵਿਦਿਆਰਥੀਆਂ ਸਾਹਮਣੇ ਪੁਰਾਣੀ ਸੋਚ ਅਤੇ ਨਵੀਂ ਸੋਚ ਵਿੱਚ ਤੁਲਨਾਤਮਕ ਵਿਧੀ ਰਾਹੀਂ ਅੰਤਰ ਦਸਦੇ ਹੋਏ ਨਵੀਂ ਅਤੇ ਚੰਗੀ ਸੋਚ ਅਪਨਾਉਣ ਲਈ ਉਤਸ਼ਾਹਿਤ ਕੀਤਾ ਜਾਵੇਗਾ।<br>ਬੱਚਿਆਂ ਇਕਾਂਗੀ ਨੂੰ ਨਾਟਕੀ ਰੂਪ ਵਿੱਚ ਪੇਸ਼ ਕਰਕੇ ਆਪਣੇ-ਆਪਣੇ ਪਾਤਰ ਦੀ ਉਸਾਰੀ ਕਰਨਗੇ। | ਵੱਖ - ਵੱਖ ਪਾਤਰ ਬਣਾ ਕੇ ਇਕਾਂਗੀ ਪੜਾਉਣੀ ਅਤੇ ਪਾਠ ਵਿੱਚ ਛੋਟੇ ਉੱਤਰਾਂ ਵਾਲੇ ਪ੍ਰਸ਼ਨ ਲਿਖਣ ਲਈ ਦੇਣਾ। | ਬੱਚੇ ਪਰਿਵਾਰਿਕ ਰਿਸ਼ਤਿਆਂ ਨੂੰ ਸਮਝ ਕੇ ਅਤੇ ਪਰਿਵਾਰਿਕ ਜੀਵਨ ਵਿਚ ਆਉਣ ਵਾਲੀਆਂ ਸਮੱਸਿਆਵਾਂ ਦੇ ਹੱਲ ਬਾਰੇ ਜਾਣਨ ਯੋਗ ਹੋ ਸਕਣਗੇ। |

| | | | | |
|---|---|---|---|---|
| | | ਦੁਹਰਾਈ ਅਤੇ ਪ੍ਰੀਖਿਆ | | |
| | ਨਿੱਜੀ ਪੱਤਰ: | ਵਿਦਿਆਰਥੀਆਂ ਦੀ ਭਾਸ਼ਾ ਯੋਗਤਾ ਵਿੱਚ ਵਾਧਾ ਕਰਨ ਲਈ ਨਿੱਜੀ ਪੱਤਰ ਦੇ ਸ਼ੁਰੂ ਅਤੇ ਅੰਤ ਬਾਰੇ ਗਿਆਨ ਦੇਣਾ ਅਤੇ ਬਲੈਕ ਬੋਰਡ ਦੀ ਸਹਾਇਤਾ ਨਾਲ ਸਮਝਾਉਣਾ ਤੇ ਪੱਤਰ ਲਿਖਣ ਲਈ ਕਹਿਣਾ। | ਨੁਕਤਿਆਂ ਦੀ ਵਰਤੋਂ ਕਰਕੇ ਪੱਤਰ ਲਿਖਣਾ। | ਵਿਦਿਆਰਥੀ ਵਿਆਕਰਨਿਕ ਨਿਯਮਾਂ ਨੂੰ ਸਮਝਦੇ ਹੋਏ ਨਿੱਜੀ ਪੱਤਰ ਲਿਖਣ ਯੋਗ ਹੋ ਸਕਣਗੇ। |
| | ਲੇਖ: | ਵੱਖ-ਵੱਖ ਵਿਸ਼ਿਆਂ ਤੇ ਵਿਆਖਿਆਤਮਕ ਵਿਧੀ ਰਾਹੀਂ ਗਿਆਨ ਦੇ ਕੇ ਲੇਖ ਲਿਖਾਉਣਾ। ਬੱਚਿਆਂ ਨੂੰ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਨੁਕਤੇ ਦੇ ਕੇ ਲੇਖ ਲਿਖਣ ਲਈ ਪ੍ਰੇਰਿਤ ਕਰਨਾ। | ਵੱਖ-ਵੱਖ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਨੁਕਤਿਆਂ ਦੀ ਵਰਤੋਂ ਕਰਕੇ ਲੇਖ ਲਿਖਣਾ। | ਵਿਦਿਆਰਥੀ ਵਿਆਕਰਨਿਕ ਨਿਯਮਾਂ ਨੂੰ ਸਮਝਦੇ ਹੋਏ ਲੇਖ ਲਿਖਣ ਯੋਗ ਹੋਣਗੇ। |
| | ਕਾਵਿ -ਰਚਨਾ :<br>ਜੰਗ ਦਾ ਹਾਲ | ਇਸ ਵਿੱਚ ਵਿਦਿਆਰਥੀਆਂ ਨੂੰ ਯੁੱਧ ਦੇ ਦੌਰਾਨ ਚੰਗੇ ਆਗੂ ਦੀ ਮਹੱਤਤਾ ਬਾਰੇ ਦੱਸਣਾ ਕਿ ਕਿਸ ਤਰ੍ਹਾਂ ਇੱਕ ਚੰਗਾ ਅਤੇ ਬਲਵਾਨ ਆਗੂ ਆਪਣੀ ਅਗਵਾਈ ਸਦਕਾ ਜਿੱਤ ਪ੍ਰਾਪਤ ਕਰਦਾ ਹੈ। ਚੰਗੇ ਆਗੂ ਦੀ ਅਣਹੋਂਦ ਯੁੱਧ ਨੂੰ ਹਾਰ ਵੱਲ ਲੈ ਜਾਂਦੀ ਹੈ।<br>ਅਧਿਆਪਕ ਦੁਆਰਾ ਇਹ ਕਾਵਿ - ਰਚਨਾ ਔਖੇ ਸ਼ਬਦਾਂ ਦੇ ਅਰਥ ਦਸਦੇ ਹੋਏ ਪੜ੍ਹਾ ਕੇ ਸਮਝਾਈਸਮਝਾਈ ਜਾਵੇਗੀ ਅਤੇ ਇਸ ਦੇ ਭਾਵ ਅਰਥ ਵੀ ਕਰਵਾਏ ਜਾਣਗੇ। | ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਨਾਲ ਸਬੰਧਤ ਕੋਈ ਖਾਸ ਘਟਨਾ ਆਪਣੀ ਕਾਪੀ ਵਿੱਚ ਲਿਖਣਾ। | ਵਿਦਿਆਰਥੀ ਪਾਠ ਨੂੰ ਸਮਝਦੇ ਹੋਏ ਇੱਕ ਚੰਗੇ ਨੇਤਾ ਦੀ ਅਗਵਾਈ ਬਾਰੇ ਜਾਣਨ ਯੋਗ ਹੋ ਸਕਣਗੇ। |

| | | | | |
|---|---|---|---|---|
| January and February | Revision of full syllabus | Preboard examination<br>ਅਭਿਆਸ ਕਾਰਜ ਦੀ ਸਹਾਇਤਾ ਨਾਲ ਦੁਹਰਾਈ ਕਰਨਾ। | ਲਿਖਤੀ ਅਭਿਆਸ ਕਰਨਾ। | ਵਿਦਿਆਰਥੀ ਸਾਲਾਨਾ ਪਰੀਖਿਆ ਦੇਣ ਯੋਗ ਹੋਣਗੇ। |
| March | | Final examination<br>ਦੁਹਰਾਈ ਕਰਨਗੇ। | ਲਿਖਤੀ ਅਭਿਆਸ ਕਰਨਗੇ। | ਲਿਖਤੀ ਪਰੀਖਿਆ ਦੇਣਗੇ। |

# NANKANA SAHIB PUBLIC SCHOOL, GILL PARK LUDHIANA

**Class:Xl Arts** **Term- II** **Subject:PUNJABI** **Teacher Name: MS. NIRMAL KAUR**

| Name of the Month | Lesson/Poem/Grammar/ Writing task | Pedagogical process | Activities done | Learning outcome |
|---|---|---|---|---|
| **OCTOBER** | ਲੋਕ – ਗੀਤਾਂ ਦੀਆਂ ਵੰਨਗੀਆਂ : ਸੁਹਾਗ (7-8) ਘੋੜੀਆਂ (4), ਢੋਲਾ (4) ਤੇ ਮਾਹੀਏ । | ਲੋਕ - ਗੀਤਾਂ ਦੀਆਂ ਵੰਨਗੀਆਂ ਬਾਰੇ ਦਸਦੇ ਹੋਏ ਸਮਝਾਉਣਾ ਕਿ ਇਹ ਕਦੋਂ ਕਿਵੇਂ ਗਾਏ ਜਾਂਦੇ ਹਨ। ਪ੍ਰਸ਼ਨਾਂ ਤੇ ਵਿਚਾਰ ਚਰਚਾ ਕਰਨਾ। ਈ – ਸਮੱਗਰੀ ਭੇਜਣਾ। | ਘਰ ਵਿੱਚ ਬਜ਼ੁਰਗ ਔਰਤਾਂ ਤੋਂ ਹੋਰ ਲੋਕ – ਗੀਤਾਂ ਬਾਰੇ ਪੁੱਛਣਾ ਤੇ ਲਿਖਣਾ। | ਲੋਕ – ਗੀਤਾਂ ਵਿੱਚ ਦਿਲਚਸਪੀ ਲੈਂਦੇ ਹੋਏ ਸੁਣ ਕੇ ਸਹੀ ਉੱਤਰ ਦੇਣਾਤੇ ਲਿਖਣਗੇ। |
| | ਪ੍ਰੀਤ ਕਥਾ:ਮਿਰਜ਼ਾ ਸਾਹਿਬਾਂ । | ਮਿਰਜ਼ਾ ਸਾਹਿਬਾਂ ਕਥਾ ਬਾਰੇ ਦੱਸਕੇ ਵੱਖ – ਵੱਖ ਵਿਦਿਆਰਥੀਆਂ ਨੂੰ ਪੜ੍ਹਨ ਲਈ ਕਹਿਣਾ। ਪ੍ਰਸ਼ਨਾਂ ਦੇ ਉੱਤਰ ਪੁੱਛਣਾ ਤੇ ਲਿਖਣ ਲਈ ਕਹਿਣਾ। | ਮਿਰਜ਼ਾ ਸਾਹਿਬਾਂ ਕਥਾ ਤੋਂ ਇਲਾਵਾ ਹੋਰ ਕਥਾਵਾਂ ਬਾਰੇ ਜਾਣਕਾਰੀ ਇਕੱਠੀ ਕਰਨਾ। | ਪੁੱਛੇ ਗਏ ਪ੍ਰਸ਼ਨਾਂ ਦੇ ਸਹੀ ਉੱਤਰ ਮਿਲਣਾ ਵਿਦਿਆਰਥੀਆਂ ਨੇ ਰੁਚੀ ਪੂਰਵਕ ਕੰਮ ਕਰਨਗੇ। |
| | ਬੀਮਾ ਸੰਬੰਧਿਤ ਵਾਕ । | ਬੀਮਾ ਏਜੰਸੀਆਂ ਬਾਰੇ ਪੁੱਛਣਾ ਤੇ ਦੱਸਣਾ। | ਹੋਰ ਬੀਮਾ ਏਜੰਸੀਆਂ ਨਾਂ ਬਾਰੇ ਜਾਣਕਾਰੀ ਹਾਸਿਲ ਕਰਨ ਲਈ ਕਹਿਣਾ ਤੇ ਹੋਰ ਵਾਕਾਂ ਦਾ ਗਿਆਨ ਹੋਣਾ। | ਵਾਕ ਯਾਦ ਕਰਨਾ ਅਤੇ ਉੱਤਰ ਦੇਣਗੇ। |
| | ਇਸ਼ਤਿਹਾਰ (13-15), ਸੱਦਾ ਪੱਤਰ (7-8) | ਇਸ਼ਤਿਹਾਰ ਤੇ ਸੱਦਾ ਪੱਤਰ ਦਾ ਲਿਖਤੀ ਅਭਿਆਸ ਕਰਨਾ ਸੰਬੰਧਿਤ ਹੋਰ ਕਿਹੋ ਜਿਹੇ ਲਿਖੇ ਜਾ ਸਕਦੇ ਹਨ, ਵਿਦਿਆਰਥੀਆਂ ਦੇ ਵਿਚਾਰ ਜਾਣਨਾ। ਅਖਬਾਰ ਰਾਹੀਂ ਦਿਖਾਉਣਾ। | ਹੋਰ ਇਸਤਿਹਾਰਾਂ ਤੇ ਸੱਦਾ ਪੱਤਰਾ਼ ਦੇ ਵਿਸ਼ੇ ਪੁੱਛਣਾ। | ਇਸ਼ਤਿਹਾਰ ਤੇ ਸੱਦਾ ਸਜਾਵਟ ਕਰਕੇ ਲਿਖਣਗੇ। |
| | ਮੁਹਾਵਰੇ (51-65) | ਮੁਹਾਵਰਿਆਂ ਦੀ ਵਾਕਾਂ ਵਿੱਚ ਵਰਤੋਂ ਕਰਨ ਲਈ ਕਹਿਣਾ। ਮੁਹਾਵਰਾ ਪੂਰਾ ਕਰਨਾ ਤਾਂ ਜੋ ਭਾਸ਼ਾ ਦੀ ਅਮੀਰੀ ਹਾਸਿਲ ਕਰਨ। | ਮੁਹਾਵਰਿਆਂ ਦੀ ਵਰਤੋਂ ਕਰਕੇ ਪੈਰਾ ਰਚਨਾ ਕਰਨ ਲਈ ਕਹਿਣਾ। | ਮੁਹਾਵਰਿਆਂ ਦੀ ਵਰਤੋਂ ਕਰਕੇ ਬਹੁਤ ਵਧੀਆ ਪੈਰਾ ਰਚਨਾ ਕਰਨਗੇ। |
| | ਅਣਡਿੱਠਾ ਪੈਰ੍ਹਾ | ਅਣਡਿੱਠਾ ਪੈਰ੍ਹਾ ਵੱਖ - ਵੱਖ ਵਿਦਿਆਰਥੀਆਂ ਨੂੰ ਪੜ੍ਹਨ ਲਈ ਕਹਿਣਾ, ਢੁਕਵਾਂ ਸਿਰਲੇਖ ਲਿਖਣ ਦਾ ਅਭਿਆਸ ਕਰਨਾ। | ਵੱਖ– ਵੱਖ ਪੈਰ੍ਹਿਆਂ ਦਾ ਅਭਿਆਸ ਕਰਨਾ। | ਸਹੀ ਉੱਤਰ ਤੇ ਸਿਰਲੇਖ ਲਿਖਣਗੇ। |
| | ਲੇਖ ਅਤੇ ਪੱਤਰ। | ਲੇਖ ਰਚਨਾ ਦੇ ਵਿਸ਼ੇ ਦੇ ਕੇ ਚਰਚਾ ਕਰਨਾ। ਪੱਤਰਾਂ ਦਾ ਲਿਖਤੀ ਅਭਿਆਸ ਕਰਨਾ। | ਚਲੰਤ ਮਸਲਿਆਂ ਤੇ ਪੱਤਰ ਲਿਖਣ ਬਾਰੇ ਪੁੱਛਣਾ ਤੇ ਲਿਖਣ | ਪੱਤਰ ਲਿਖਣਗੇ। |

| | | | | |
|---|---|---|---|---|
| | ਦਫਤਰੀ ਸ਼ਬਦਾਵਲੀ ਅਤੇ ਵੱਖ- ਵੱਖ ਵਿਸ਼ਿਆਂ ਨਾਲ ਸੰਬੰਧਿਤ ਸ਼ਬਦਾਵਲੀ। | ਯਾਦ ਕਰਨਾ ਅਤੇ ਲਿਖਣਾ। | ਲਈ ਕਹਿਣਾ।<br>ਦਿੱਤੀ ਗਈ ਸ਼ਬਦਾਵਲੀ ਦੀ ਵਰਤੋਂ ਬਾਰੇ ਪੁੱਛਣਾ। | ਸ਼ਬਦਾਵਲੀ ਦੀ ਵਰਤੋਂ ਕਰਨਗੇ। |
| **NOVEMBER** | ਲੋਕ – ਗੀਤਾਂ ਦੀਆਂ ਵੰਨਗੀਆਂ :ਬੋਲੀਆਂ (7-8)<br>ਘੋੜੀਆਂ (5), ਢੋਲਾ (5)<br><br>ਦੰਤ ਕਥਾ: ਦੁੱਲਾ ਭੱਟੀ<br><br>ਕੰਪਿਊਟਰ ਸੰਬੰਧਿਤ ਵਾਕ<br><br>ਇਸ਼ਤਿਹਾਰ (16-18)<br>ਸੱਦਾ ਪੱਤਰ (9-10)<br>ਮੁਹਾਵਰੇ (66-80)<br>ਅਣਡਿੱਠਾ ਪੈਰ੍ਹਾ, ਲੇਖ, ਪੱਤਰ।<br>ਦਫਤਰੀ ਸ਼ਬਦਾਵਲੀ, ਵੱਖ – ਵੱਖ ਵਿਸ਼ਿਆਂ ਨਾਲ ਸੰਬੰਧਿਤ ਸ਼ਬਦਾਵਲੀ | ਲੋਕ – ਗੀਤਾਂ ਦੀਆਂ ਵੰਨਗੀਆਂ ਬਾਰੇ ਪੁੱਛਣਾ ਤੇ ਦੱਸਣਾ।<br>ਅਰਥ ਸਮਝਾਉਣਾ। ਪ੍ਰਸ਼ਨਾਂ ਦੇ ਉੱਤਰ ਲਿਖਣਾ।<br><br>ਦੰਤ ਕਥਾਵਾਂ ਬਾਰੇ ਦਸਦੇ ਹੋਏ ਇਹ ਕਥਾ ਵੱਖ – ਵੱਖ ਵਿਦਿਆਰਥੀਆਂ ਨੂੰ ਪੜ੍ਹਾਉਣਾ। ਪ੍ਰਸ਼ਨਾਂ ਦੇ ਉੱਤਰਾਂ ਤੇ ਵਿਚਾਰ ਚਰਚਾ ਕਰਨਾ।<br><br>ਕੰਪਿਊਟਰ ਦੀ ਵਰਤੋਂ ਬਾਰੇ ਪੁੱਛਣਾ ਤੇ ਵਾਕਾਂ ਦਾ ਲਿਖਤੀ ਅਭਿਆਸ ਕਰਨਾ।<br><br>ਉੱਪਰ ਲਿਖੇ ਅਨੁਸਾਰ ਹੀ। | ਹੋਰ ਜਾਣਕਾਰੀ ਹਾਸਿਲ ਕਰਨ ਲਈ ਕਰਨਾ। ਈ – ਸਮੱਗਰੀ ਭੇਜਣਾ।<br>ਦੁੱਲਾ ਭੱਟੀ ਦਾ ਲੋਹੜੀ ਨਾਲ ਸੰਬੰਧ ਦੱਸਣਾ। ਸੰਬੰਧਿਤ ਗੀਤ ਲਿਖਣ ਲਈ ਕਹਿਣਾ।<br>ਕੰਪਿਊਟਰ ਦੇ ਬਾਕੀ ਹਿੱਸਿਆਂ ਬਾਰੇ ਜਾਣਕਾਰੀ ਇਕੱਠੀ ਕਰਨਾ।<br>ਉੱਪਰ ਲਿਖੇ ਅਨੁਸਾਰ ਹੀ। | ਪ੍ਰਸ਼ਨਾਂ ਦੇ ਉੱਤਰ ਲਿਖਣਗੇ।<br><br>ਲੋਹੜੀ ਨਾਲ ਸੰਬੰਧਿਤ ਹੋਣ ਕਰਕੇ ਦਿਲਚਸਪੀ ਨਾਲ ਪ੍ਰਸ਼ਨਾਂ ਦੇ ਉੱਤਰ ਲਿਖਣਾ ਤੇ ਯਾਦ ਕਰਨਗੇ।<br><br>ਵਾਕ ਲਿਖਣਾ ਤੇ ਯਾਦ ਕਰਨਗੇ।<br><br>ਉੱਪਰ ਲਿਖੇ ਅਨੁਸਾਰ ਹੀ। |
| **DECEMBER**<br><br>**JANUARY And FEBRUARY** | ਇਸ਼ਤਿਹਾਰ (19-20)<br>ਦਫਤਰੀ ਸ਼ਬਦਾਵਲੀ ਅਤੇ ਵੱਖ – ਵੱਖ ਵਿਸ਼ਿਆਂ ਨਾਲ ਸੰਬੰਧਿਤ ਸ਼ਬਦਾਵਲੀ, ਪੱਤਰ, ਲੇਖ।<br><br>ਪ੍ਰੀ ਬੋਰਡ ਪਰੀਖਿਆ, ਪ੍ਰੋਜੈਕਟ ਫਾਇਲ, ਮੌਕੇ ਤੇ ਲਿਖਣਾ।<br>ਸਾਲਾਨਾ ਪਰੀਖਿਆ। | ਦੁਹਰਾਈ ਅਤੇ ਲਿਖਤੀ ਅਭਿਆਸ।<br><br>ਪ੍ਰੀ – ਬੋਰਡ ਪਰੀਖਿਆ ਲੈਣਾ। ਪ੍ਰੋਜੈਕਟ ਫਾਇਲ ਦੀ ਜਾਂਚ ਕਰਨਾ। ਮੌਕੇ ਤੇ ਕਿਸੇ ਇੱਕ ਵਿਸ਼ੇ ਤੇ ਲਿਖਣਾ। | ਦੁਹਰਾਉਣਾ।<br><br>ਈ – ਸਮੱਗਰੀ ਅਤੇ ਲਿਖਤੀ ਅਭਿਆਸ ਰਾਹੀਂ ਦੁਹਰਾਉਣਾ। | ਲਿਖਤੀ ਅਭਿਆਸ ਕਰਨਗੇ। ਸਾਲਾਨਾ ਪਰੀਖਿਆ ਲਈ ਯਾਦ ਕਰਨਗੇ। |

# NANKANA SAHIB PUBLIC SCHOOL, GILL PARK LUDHIANA

**Class:XII Arts Subject: PUNJABI TERM-II Teacher Name : MS. Nirmal Kaur**

| Name of the Month | Lesson/Poem/Grammar/ Writing task | Pedagogical process | Activities done | Learning outcome |
|---|---|---|---|---|
| OCTOBER | ਕਹਾਣੀ: ਮਾੜਾ ਬੰਦਾ | ਇਸ ਕਹਾਣੀ ਨੂੰ ਪੜ੍ਹਨ ਕੌਸ਼ਲ ਵਿਕਸਿਤ ਕਰਨ ਲਈ ਔਖੇ ਸ਼ਬਦਾਂ ਦੇ ਅਰਥ ਦਸਦੇ ਹੋਏ ਵੱਖ – ਵੱਖ ਵਿਦਿਆਰਥੀਆਂ ਤੋਂ ਪੜ੍ਹਾਉਣਾ । ਇਸ ਰਾਹੀਂ ਉਹਨਾਂ ਨੂੰ ਮੱਧਵਰਗੀ ਪਰਿਵਾਰ ਅਤੇ ਨਿਮਨ ਸ਼੍ਰੇਣੀ ਦੋਹਾਂ ਦੀ ਮਾਨਸਿਕਤਾ ਤੋਂ ਜਾਣੂ ਕਰਾਉਣਾ। ਕਿਉਂਕਿ ਇਸ ਵਿੱਚ ਸਮਾਜ ਦੇ ਪਾਤਰਾਂ ਦੇ ਮਾੜੇ ਕਿਰਦਾਰ ਦੀ ਝਲਕ ਮਿਲਦੀ ਹੈ। ਉਦਾਹਰਨਾਂ ਦਿੰਦੇ ਹੋਏ ਕਹਾਣੀ ਦੇ ਵਿਸ਼ੇ ਨੂੰ ਸਮਝਾਉਣਾ। ਕਹਾਣੀ ਸੁਣਨ ਵਿਧੀ ਨੂੰ ਅਪਨਾਉਣਾ। | ਕਹਾਣੀ ਪੜ੍ਹਾਉਂਦੇ ਹੋਏ ਛੋਟੇ – ਛੋਟੇ ਉੱਤਰਾਂ ਵਾਲੇ ਪ੍ਰਸ਼ਨ ਪੁੱਛਣਾ। ਅਤੇ ਨਾਲ ਹੀ ਨੁਕਤੇ ਦੱਸ ਕੇ ਪਾਤਰ – ਉਸਾਰੀ ਕਰਨ ਲਈ ਕਹਿਣਾ। ਅਜਿਹਾ ਹੀ ਜੇਕਰ ਉਨ੍ਹਾਂ ਨਾਲ ਵਾਪਰੇ ਤਾਂ ਵਿਚਾਰ ਪੁੱਛਣਾ। | ਕਹਾਣੀ ਵਿੱਚ ਦਿਲਚਸਪੀ ਲੈਣਾ। ਇਸ ਵਿੱਚ ਵਾਪਰਨ ਵਾਲੀ ਹਰ ਘਟਨਾ ਦਾ ਧਿਆਨ ਰੱਖਣਾ ਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਮਿਲਣਗੇ। |
| | ਕਵਿਤਾ : ਮੇਰਾ ਬਚਪਨ | ਕਵਿਤਾ: ਮੇਰਾ ਬਚਪਨ ਦੇ ਕਵੀ ਬਾਰੇ ਜਾਣਕਾਰੀ ਦੇਣਾ। ਕਵਿਤਾ ਸਮਝਾਉਣ ਤੋਂ ਪਹਿਲਾਂ ਪਿਤਾ ਦੀ ਸਾਡੇ ਜੀਵਨ ਵਿੱਚ ਕੀ ਮਹੱਤਤਾ ਹੈ,ਉਸ ਬਾਰੇ ਪੁੱਛਣਾ ਤੇ ਦੱਸਣਾ।ਔਖੇ ਸ਼ਬਦਾਂ ਦੇ ਅਰਥ ਦਸਦੇ ਹੋਏ ਵਿਆਖਿਆ ਸਮਝਾਉਣਾ। ਪਿਤਾਹੀਣ ਬੱਚੇ ਨੂੰ ਸਾਹਮਣਾ ਕਰਨ ਵਾਲੀਆਂ ਮੁਸ਼ਕਲਾਂ ਤੇ ਵਿਚਾਰ ਚਰਚਾ ਕਰਨਾ। ਵਿਆਖਿਆ ਲਿਖਣਾ। | ਕਵਿਤਾ ਦੇ ਅਰਥ ਪੁੱਛਣਾ। ਬਿਨਾਂ ਭਾਵਨਾਤਮਕ ਠੇਸ ਪਹੁੰਚਾਏ ਕਿਸੇ ਪਿਤਾ ਹੀਣ ਬੱਚੇ ਤੇ ਉਸਦੀ ਮਾਂ ਦੇ ਜੀਵਨ ਬਾਰੇ ਪੁੱਛਣਾ। | ਕਵਿਤਾ ਵਿਚਲੀਆਂ ਸਤਰਾਂ ਦੀ ਸਹੀ ਵਿਆਖਿਆ ਕਰਨਗੇ। |
| | ਅਖਾਣ | ਅਖਾਣ ਦਾ ਅਰਥ ਸਮਝਾਉਣਾ ਅਤੇ ਵਾਕ ਛੋਟੀ ਕਹਾਣੀ ਦੇ ਰੂਪ ਵਿੱਚ ਲਿਖਣ ਲਈ ਕਹਿਣਾ। ਕਈ ਵਾਰ ਢੁਕਦਾ ਅਖਾਣ ਉਨ੍ਹਾਂ ਨੂੰ ਉਦਾਹਰਨ ਦੇ ਕੇ ਲਿਖਣ ਲਈ ਕਹਿਣਾ। | ਵਿਦਿਆਰਥੀਆਂ ਨੂੰ ਅਖਾਣਾਂ ਦੀ ਵਰਤੋਂ ਕਰਦੇ ਹੋਏ ਪੈਰਾ ਰਚਨਾ ਕਰਨਾ ਕਰਨ ਲਈ ਕਹਿਣਾ। | ਵਿਦਿਆਰਥੀ ਦਾ ਰੁਚੀ ਪੂਰਵਕ ਵਾਕ ਬਣਾਉਣਗੇ। |
| | ਅਣਡਿੱਠਾ ਪੈਰ੍ਹਾ | ਵਿਦਿਆਰਥੀਆਂ ਨੂੰ ਵਾਰ – ਵਾਰ ਅਣਡਿੱਠਾ ਪੈਰ੍ਹਾ ਪੜ੍ਹਾ ਕੇ ਪ੍ਰਸ਼ਨਾਂ ਦੇ ਉੱਤਰ ਪੁੱਛਣਾ ਅਤੇ ਸਿਰਲੇਖ ਬਾਰੇ ਦੱਸਣਾ ਤਾਂ ਜੋ ਭਾਸ਼ਾ ਗਿਆਨ ਵਿੱਚ ਵਾਧਾ ਹੋ ਸਕੇ। | ਅਭਿਆਸ ਕਾਰਜ ਕਰਨਾ। | ਵਾਰ – ਵਾਰ ਅਣਡਿੱਠਾ ਪੈਰ੍ਹਾ ਪੜ੍ਹਨ ਤੋਂ ਬਾਅਦ ਸਿਰਲੇਖ ਲਿਖਣ ਦਾ ਗਿਆਨ ਹੋਵੇਗਾ। |
| | | ਪੈਰਾ ਰਚਨਾ ਲਈ ਵੱਖ ਵੱਖ ਵਿਸ਼ੇ ਦੇਣਾ। ਪੈਰਾ ਲਿਖਦੇ ਹੋਏ | ਦਿੱਤੇ ਗਏ ਵਿਸ਼ੇ ਤੇ ਪੈਰਾ | ਢੁਕਵੀਂ ਉਦਾਹਰਨ ਅਤੇ ਮਹਾਨ |

| | | | | |
|---|---|---|---|---|
| | ਪੈਰਾ ਰਚਨਾ<br><br>ਪੱਤਰ: ਕਾਰ – ਵਿਹਾਰ ਸੰਬੰਧਿਤ<br><br>ਵਾਕ – ਵਟਾਂਦਰਾ | ਉਦਾਹਰਨ ਦੇਣ ਲਈ ਕਹਿਣਾ। ਲਿਖਤੀ ਅਭਿਆਸ ਕਰਨਾ।<br><br>ਕਾਰ – ਵਿਹਾਰ ਕਰਨ ਵਾਲੀਆਂ ਫਰਮਾਂ ਦੀ ਉਦਾਹਰਨ ਦੇ ਕੇ ਲਿਖਣ ਲਈ ਕਹਿਣਾ। ਉਦਾਹਰਨ ਦੇ ਕੇ ਬਲੈਕ ਬੋਰਡ ਦੀ ਵਰਤੋਂ ਕਰਕੇ ਲਿਖਵਾਉਣਾ।<br><br>ਵਾਕ – ਵਟਾਂਦਰਾ : ਵਾਕਾਂ ਦੀ ਕਿਸਮ ਬਾਰੇ ਜਾਣਕਾਰੀ ਦਿੰਦੇ ਹੋਏ ਕਰਵਾਉਣਾ ਅਤੇ ਬਲੈਕ ਬੋਰਡ ਦੀ ਵਰਤੋਂ ਕਰਕੇ ਲਿਖਵਾਉਣਾ। | ਪੂਰਾ ਕਰਨਾ।<br><br>ਪੱਤਰ ਲਿਖਣਾ।<br><br>ਬਹੁਤ ਸਾਰੇ ਵਾਕ ਲਿਖਵਾ ਕੇ ਉਨ੍ਹਾਂ ਦੀ ਕਿਸਮ ਪੁੱਛਣਾ। | ਵਿਅਕਤੀ ਦੇ ਵਿਚਾਰ ਲਿਖ ਕੇ ਪੈਰਾ ਪੂਰਾ ਕਰਨਗੇ।<br>ਜਾਣਕਾਰੀ ਹਾਸਿਲ ਕਰਕੇ ਸਹੀ ਪੱਤਰ ਲਿਖਣਗੇ।<br><br>ਸਹੀ ਵਾਕ ਲਿਖਣਗੇ। |
| NOVEMBER | ਪਾਠ- ਪੰਜਾਬ ਦੇ ਲੋਕ – ਨਾਚ<br><br>ਕਵਿਤਾ ਗੀਤ<br><br>ਨੋਟ: -ਅਖਾਣ, ਅਣਡਿੱਠਾ ਪੈਰ੍ਹਾ, ਪੈਰਾ ਰਚਨਾ, ਕਾਰ ਵਿਹਾਰ ਦੇ ਪੱਤਰ, ਵਾਕ ਵਟਾਂਦਰਾ ਉੱਪਰ ਲਿਖੇ ਅਨੁਸਾਰ ਹੀ ਕਰਵਾਈ ਜਾਵੇਗੀ।<br>ਨੋਟ : - ਅਖਾਣ, ਅਣਡਿੱਠਾ ਪੈਰ੍ਹਾ, ਪੈਰ੍ਹਾ ਰਚਨਾ, ਕਾਰ – ਵਿਹਾਰ ਦੇ ਪੱਤਰ, ਵਾਕ ਵਟਾਂਦਰਾ, ਉੱਪਰ ਲਿਖੇ ਅਨੁਸਾਰ ਹੀ ਕਰਵਾਏ | ਪੰਜਾਬ ਦੇ ਲੋਕ – ਨਾਚਾਂ ਬਾਰੇ ਪੁੱਛਣ ਲਈ ਪ੍ਰਸ਼ਨ - ਉੱਤਰ ਵਿਧੀ ਵਰਤਣਾ ਕਿਉਂਕਿ ਇਸ ਵਿੱਚ ਤਾਂ ਸਾਰੇ ਹੀ ਵਿਦਿਆਰਥੀਆਂ ਦੀ ਦਿਲਚਸਪੀ ਹੁੰਦੀ ਹੈ। ਫਿਰ ਵੱਖ – ਵੱਖ ਵਿਦਿਆਰਥੀਆਂ ਤੋਂ ਪਾਠ ਪੜ੍ਹਾਉਣਾ। ਲੁਪਤ ਹੋ ਰਹੇ ਨਾਚਾਂ ਬਾਰੇ ਜਾਣਕਾਰੀ ਦੇਣਾ। ਪ੍ਰਸ਼ਨਾਂ ਦੇ ਉੱਤਰ ਪੁੱਛਣਾ ਤੇ ਲਿਖਣ ਲਈ ਕਹਿਣਾ। ਮਰਦਾਵੇਂ ਅਤੇ ਔਰਤਾਂ ਦੇ ਲੋਕ – ਨਾਚਾਂ ਦਾ ਪੂਰਨ ਗਿਆਨ ਦੇਣਾ।<br><br>ਕਵੀ ਸ਼ਿਵ ਕੁਮਾਰ ਦੇ ਜੀਵਨ ਬਾਰੇ ਤੇ ਉਸਦੀਆਂ ਹੋਰ ਰਚਨਾਵਾਂ ਬਾਰੇ ਦੱਸਣਾ। ਕਵਿਤਾ ਸਮਝਾਉਣ ਤੋਂ ਪਹਿਲਾਂ ਸੰਸਾਰਕ ਦੁੱਖਾਂ ਬਾਰੇ ਗੱਲ ਕਰਨਾ ਕਿ ਇਹਨਾਂ ਦਾ ਅੰਤ ਨਹੀਂ ਪਰ ਸੋਚ ਸਕਾਰਾਤਮਕ ਰੱਖ ਕੇ ਅੱਗੇ ਵਧਿਆ ਜਾ ਸਕਦਾ ਹੈ। ਜੀਵਨ ਵਿੱਚ ਹਾਰ ਮੰਨਣਾ ਠੀਕ ਨਹੀਂ, ਮੌਤ ਹੱਲ ਨਹੀਂ। ਉਨ੍ਹਾਂ ਦੀ ਸੋਚ ਉਸਾਰੂ ਬਣਾਉਣਾ। ਔਖੇ ਸ਼ਬਦਾਂ ਦੇ ਅਰਥ ਦਸਦੇ ਹੋਏ ਵਿਆਖਿਆ ਸਮਝਾਉਣਾ। | ਲੋਕ – ਨਾਚਾਂ ਵਿੱਚ ਦਿਲਚਸਪੀ ਲੈਣਾ। ਔਰਤਾਂ ਅਤੇ ਮਰਦਾਵੇਂ ਲੋਕ – ਨਾਚਾਂ ਦਾ ਚਾਰਟ ਤਿਆਰ ਕਰਨਾ। ਈ – ਸਮੱਗਰੀ ਭੇਜਣਾ।<br><br>ਭੱਠੀ ਵਾਲੀ ਬਾਰੇ ਪੁੱਛ ਕੇ ਉਸਦੇ ਕੰਮ ਤੇ ਚਰਚਾ। ਨਵੇਂ ਸ਼ਬਦਾਂ ਦੇ ਅਰਥ ਲਿਖਣਾ। ਕਵੀ ਬਾਰੇ ਈ – ਸਮੱਗਰੀ ਸੁਣਨਾ। | ਇਹ ਪਾਠ ਵਿਦਿਆਰਥੀਆਂ ਦੀ ਰੁਚੀ ਦਾ ਹੋਣ ਕਰਕੇ ਉਹ ਲੋਕ ਨਾਚਾਂ ਬਾਰੇ ਜਾਣਕਾਰੀ ਹਾਸਿਲ ਕਰਨਗੇ।<br><br>ਕਾਵਿ ਸਤਰਾਂ ਦਾ ਪ੍ਰਸੰਗ ਅਤੇ ਵਿਆਖਿਆ ਸੁਣਾਉਣਾ ਤੇ ਲਿਖਣਾ। |

| | | | | |
|---|---|---|---|---|
| | ਜਾਣਗੇ। | | | |
| DECEMBER<br><br><br><br><br><br><br>JANUARY ,<br>FEBRUARY<br>And<br>MARCH | ਕਹਾਣੀ : ਘਰ ਜਾਹੁ ਆਪਣੇ<br><br><br><br><br><br><br>ਨੋਟ : ਵਿਆਕਰਨ ਉੱਪਰ ਲਿਖੇ ਅਨੁਸਾਰ ਹੀ।<br>ਪ੍ਰੀ – ਬੋਰਡ ਪਰੀਖਿਆ<br>ਅਤੇ ਪਰੈਕਟੀਕਲ<br>ਸਾਲਾਨਾ ਪਰੀਖਿਆ | ਇਸ ਕਹਾਣੀ ਪੂਰਵ ਗਿਆਨ ਵਿਧੀ ਰਾਹੀਂ ਪੰਜਾਬ ਦੇ ਵਿਆਹ ਵਿੱਚ ਕੀਤੀਆਂ ਜਾਣ ਵਾਲੀਆਂ ਰਸਮਾਂ ਬਾਰੇ ਜਾਣਕਾਰੀ ਸਾਂਝੀ ਕਰਨਾ। ਇਸ ਤੋਂ ਇਲਾਵਾ ਭੈਣ ਭਰਾਵਾਂ ਦੇ ਰਿਸ਼ਤੇ ਦੀ ਭਾਵੁਕਤਾ ਨੂੰ ਵਿਦਿਆਰਥੀਆਂ ਨਾਲ ਸਾਂਝਾ ਕਰਨਾ। ਵੱਖ – ਵੱਖ ਵਿਦਿਆਰਥੀਆਂ ਨੂੰ ਔਖੇ ਸ਼ਬਦਾਂ ਦੇ ਅਰਥ ਦਸਦੇ ਹੋਏ ਪੜ੍ਹਾਉਣਾ। ਪ੍ਰਸ਼ਨਾਂ ਦੇ ਉੱਤਰ ਲਿਖਣ ਲਈ ਕਹਿਣਾ।<br><br>ਪ੍ਰੋਜੈਕਟ ਫਾਇਲ ਦੀ ਜਾਂਚ ਕਰਨਾ। ਮੌਕੇ ਤੇ ਕਿਸੇ ਇੱਕ ਵਿਸ਼ੇ ਤੇ ਲਿਖਣਾ। ਵਿਦਿਆਰਥੀਆਂ ਦੀ ਭਾਸ਼ਾ ਅਮੀਰੀ ਦਾ ਪਤਾ ਕਰਨਾ। ਪ੍ਰੀ – ਬੋਰਡ ਅਤੇ ਬੋਰਡ ਪਰੀਖਿਆ ਦੇਣਾ। | ਵਿਆਹ ਵਿਚਲੀਆਂ ਰਸਮਾਂ ਦਾ ਚਾਰਟ ਬਣਾ ਕੇ ਦੱਸਣ ਲਈ ਕਹਿਣਾ।<br><br><br><br><br>ਜਮਾਤ ਵਿੱਚ ਕੁਝ ਵਿਸ਼ਿਆਂ ਤੇ ਚਰਚਾ ਕਰਨਾ। | ਆਮ ਤੌਰ ਤੇ ਵਿਦਿਆਰਥੀਆਂ ਵਿਆਹਾਂ ਵਿੱਚ ਜਾਂਦੇ ਰਹਿੰਦੇ ਹਨ ਇਸ ਲਈ ਦਿਲਚਸਪੀ ਲੈਂਦੇ ਹੋਏ ਸਾਰੇ ਪ੍ਰਸ਼ਨਾਂ ਦੇ ਉੱਤਰ ਦੱਸਣਗੇ ਤੇ ਲਿਖਣਗੇ।<br><br><br><br>ਵਿਦਿਆਰਥੀਆਂ ਵੱਲੋਂ ਲਿਖਤੀ ਕੌਸ਼ਲ ਰਾਹੀਂ ਪ੍ਰੋਜੈਕਟ ਤਿਆਰ ਕਰਨਗੇ। ਲਿਖਤੀ ਸਮੱਗਰੀ, ਈ – ਸਮੱਗਰੀ, ਅਭਿਆਸ ਕਾਰਜ ਰਾਹੀਂ ਦੁਹਰਾਉਣਗੇ। |